**ਸ਼੍ਰੀ ਕੁਲਦੀਪ ਸਿੰਘ ਚਾਹਲ ਸੀਨੀਅਰ ਕਪਤਾਨ ਪੁਲਿਸ, ਐਸ.ਏ.ਐਸ. ਨਗਰ ਵੱਲੋਂ ਮਾੜੇ ਆਨਸਰਾ ਦੇ ਖਿਲਾਫ ਵਿੱਢੀ ਗਈ ਮੁਹਿਮ ਤਹਿਤ ਮਿਤੀ: 01-01-17 ਤੋਂ 31-08-18 ਤੱਕ ਜਿਲ੍ਹਾ ਐਸ.ਏ.ਐਸ. ਨਗਰ ਵੱਲੋਂ ਕੀਤੀਆਂ ਗਈਆਂ ਪ੍ਰਾਪਤੀਆਂ ਹੇਠ ਲਿਖੇ ਅਨੁਸਾਰ ਹਨ ਜੀ।**

1) **ਮੁਕੱਦਮਾ ਨੰਬਰ 20 ਮਿਤੀ 24.01.17 ਅ/ਧ 302 ਹਿੰ:ਦੰ: ਥਾਣਾ ਸਿਟੀ ਖਰੜ।**

ਉਕਤ ਮੁਕੱਦਮਾ ਕੂਮੀ ਪੁੱਤਰ ਵਿਸਰਿਆ ਵਾਸੀ ਪਿੰਡ ਟਿਕਰਿਆ ਥਾਣਾ ਗਨੌਰ ਜਿਲ੍ਹਾ ਪੰਨਾ (ਮੱਧ ਪ੍ਰਦੇਸ਼) ਹਾਲ ਵਾਸੀ ਠੇਕੇਦਾਰ ਮੁਖਤਿਆਰ ਨਵ ਫਲੋਰ ਝੂੰਗੀਆਂ ਰੋਡ ਖਰੜ ਵੱਲੋਂ ਨਾ-ਮਲੂਮ ਵਿਅਕਤੀਆਂ ਦੇ ਵਿਰੁੱਧ ਦਰਜ ਹੋਇਆ ਕਿ ਮੁਦੱਈ ਦਾ ਲੜਕਾ ਰਾਹੁਲ ਉਮਰ 07 ਸਾਲ ਮਿਤੀ 23.01.17 ਨੂੰ ਸ਼ਾਮ 04.00 ਵਜੇ ਘਰ ਤੋਂ ਗਿਆ ਸੀ। ਜਿਸ ਦੀ ਆਰੀ ਦੇ ਬਲੇਡ ਨਾਲ ਬੇ-ਰਹਿਮੀ ਨਾਲ ਗਰਦਨ ਵੱਡੀ ਹੋਈ ਲਾਸ਼ ਨੇਚਰ ਹਾਈਟਸ ਦੇ ਕਮਰੇ ਵਿੱਚੋਂ ਮਿਲੀ।

**ਮੁਕੱਦਮਾ ਵਿੱਚ ਮਿਤੀ 01.02.17 ਨੂੰ ਦੋਸ਼ੀਆਂਨ ਮੁਦਈ ਦੀ ਲੜਕੀ ਪਾਰਵਤੀ ਅਤੇ ਜਵਾਈ ਵਿਪਨ ਕੁਮਾਰ ਪੁੱਤਰ ਜਗਤ ਰਾਮ ਕੌਮ ਜਟਵਾ ਵਾਸੀ ਬਲਕਰਨ ਥਾਣਾ ਕੋਲਾ ਜਿਲ੍ਹਾ ਮੁਰਾਦਾਬਾਦ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਨੂੰ ਟਰੇਸ ਕੀਤਾ ਗਿਆ।**

2) **ਮੁਕੱਦਮਾ ਨੰਬਰ 162 ਮਿਤੀ 02.11.16 ਅ/ਧ 307,382,323,148,149,506,341,427 ਹਿੰ:ਦੰ: ਥਾਣਾ ਲਾਲੜੂ।**

ਉਕਤ ਮੁਕੱਦਮਾ ਰਣਜੀਤ ਸਿੰਘ ਪੁੱਤਰ ਲਾਭ ਸਿੰਘ ਵਾਸੀ ਵਾਰਡ ਨੰਬਰ 7 ਨੇੜੇ ਬਸੰਤੀ ਮਾਤਾ ਕਲਿਆਤ ਜਿਲ੍ਹਾ ਕੈਥਲ ਦੇ ਬਿਆਨ ਤੇ ਦਰਜ ਹੋਇਆ ਕਿ ਮਿਤੀ 01.11.16 ਨੂੰ ਉਹ ਆਪਣੇ ਪਰਿਵਾਰ ਸਮੇਤ ਆਪਣੀ ਗੱਡੀ ਨੰਬਰ ਐਚ.ਆਰ.08.ਟੀ-0642 ਪਰ ਸਵਾਰ ਹੋ ਕੇ ਲਾਲੜੂ ਤੋਂ ਅੰਬਾਲਾ ਜਾ ਰਿਹਾ ਸੀ।ਜਦੋਂ ਉਹ ਟੈਂਪੂ ਯੂਨੀਆਨ ਲਾਲੜੂ ਪਾਸ ਮੁਜੇ ਤਾਂ ਪਿਛੌਂ ਇੱਕ ਕਾਰ ਨੰਬਰ ਐਚ.ਆਰ. 03.ਡੂ-7236 ਵਿੱਚੋਂ 5/6 ਨਾ ਮਲੂਮ ਵਿਅਕਤੀ ਉਤਰੇ ਅਤੇ ਮੁਦਈ ਦੀ ਕਾਰ ਰੋਕ ਕੇ ਉਰ ਦੇ ਸੱਟਾਂ ਮਾਰੀਆ, ਕਾਰ ਦੀ ਭੰਨ ਤੋੜ ਕੀਤੀ ਅਤੇ ਤਲਵਾਰ ਦੀ ਨੋਕ ਪਰ 5500/- ਰੁਪਏ ਜਬਰਦਸਤੀ ਖੋਹ ਕੇ ਲੈ ਗਏ।

**ਮੁਕੱਦਮਾ ਵਿੱਚ ਮਿਤੀ 14.03.17 ਨੂੰ ਦੋਸ਼ੀ ਦਵਿੰਦਰ ਸਿੰਘ ਉਰਫ ਦੇਵ ਪੁੱਤਰ ਲੱਜਾ ਰਾਮ ਵਾਸੀ ਪਿੰਡ ਬੁੜਾਨਾ ਥਾਣਾ ਰਾਏਪੁਰ ਰਾਣੀ ਜਿਲ੍ਹਾ ਪੰਚਕੂਲਾ ਨੂੰ ਗ੍ਰਿਫਤਾਰ ਕੀਤਾ ਗਿਆ, ਕਾਰ ਦੇ ਮਾਲਕ ਦੀ ਪੁੱਛ ਗਿੱਛ ਤੋਂ ਦੋਸ਼ੀਆਂਨ ਗੋਲਡੀ ਪੁੱਤਰ ਚੂਹੜ ਖਾਨ ਵਾਸੀ ਪਿੰਡ ਖੇੜੀ ਥਾਣਾ ਰਾਏਪੁਰ ਰਾਣੀ, ਵਿਸ਼ਾਲ ਉਰਫ ਟੋਨੀ ਪੁੱਤਰ ਸੰਜੀਵ ਕੁਮਾਰ, ਮੋਹਣਾ ਪੁਤਰ ਸ਼ਿਵ ਕੁਮਾਰ ਵਾਸੀ ਪਿੰਡ ਤੰਗੋਲੀ ਅਤੇ ਰਿੰਕੂ ਪੁੱਤਰ ਕੁਲਦੀਪ ਸਿੰਘ ਵਾਸੀ ਲਾਹਾ ਜਿਲਾ ਅੰਬਾਲਾ ਨੂੰ ਨਾਮਜਦ ਕਰਕੇ ਮੁਕੱਦਮਾ ਨੂੰ ਟਰੇਸ ਕੀਤਾ ਗਿਆ ਹੈ।**

**3) ਮੁਕੱਦਮਾ ਨੰਬਰ 38 ਮਿਤੀ 03.05.17 ਅ/ਧ 307,148,149,506, ਹਿੰ:ਦੰ: 25,27/54/59 ਅਸਲਾ ਐਕਟ ਥਾਣਾ ਮੁਲਾਂਪੁਰ (ਗਰੀਬਦਾਸ)।**

ਉਕਤ ਮੁਕੱਦਮਾ ਸਤਵਿੰਦਰਪੁਰੀ ਪੁੱਤਰ ਗੁਰਨਾਮਪੁਰੀ ਵਾਸੀ ਕੌਮ ਗੋਸਵਾਮੀ ਵਾਸੀ ਪਿੰਡ ਸੰਗਾਰੀਵਾਲਾ ਥਾਣਾ ਮੁਲਾਂਪੁਰ ਦੇ ਬਿਆਨ ਤੇ ਦਰਜ ਹੋਇਆ ਕਿ ਮਿਤੀ 03.05.17 ਨੂੰ ਵਕਤ ਕਰੀਬ 08 ਪੀ.ਐਮ ਪਰ ਸੈਰ ਕਰਨ ਲਈ ਗਿਆ ਸੀ ਜਦੋਂ ਉਹ ਵਕਤ ਕਰੀਬ 10:30 ਪੀ.ਐਮ ਪਰ ਸੈਰ ਕਰਕੇ ਵਾਪਸ ਘਰ ਨੂੰ ਆ ਰਿਹਾ ਸੀ ਤਾਂ ਉਹ ਪਿੰਡ ਦੇ ਗੁਰੂਦੁਆਰਾ ਸਾਹਿਬ ਪਾਸ ਪੁੱਜਾ ਤਾਂ ਉਸ ਦੇ ਪਿਛੇ 4-5 ਨਾ ਮਲੂਮ ਵਿਅਕਤੀ ਆਏ ਅਤੇ ਉਸ ਤੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਮੁਦਈ ਭੱਜ ਕੇ ਆਪਣੇ ਘਰ ਆ ਗਿਆ ਤਾਂ ਦੋਸ਼ੀਆਂ ਨੇ ਉਸ ਦੇ ਗਰ ਵੀ ਫਾਇਰ ਕੀਤੇ। ਮੁਦਈ ਨੇ ਦੋਸ਼ੀਆਂ ਵਿੱਚ ਬਲਜੀਤ ਚੌਧਰੀ ਨੂੰ ਪਛਾਣ ਲਿਆ।

**ਮੁਕੱਦਮਾ ਵਿੱਚ ਮਿਤੀ 07.05.17 ਨੂੰ ਦੋਸ਼ੀ ਤਨਵੀਰ ਸਿੰਘ ਉਰਫ ਬਿੱਲਾ ਪੁੱਤਰ ਗਮਦੂਰ ਸਿੰਘ ਵਾਸੀ ਪਿੰਡ ਖੂਨੀ ਮਾਜਰਾ ਥਾਣਾ ਸਦਰ ਖਰੜ ਅਤੇ ਮਿਤੀ 09.05.17 ਨੂੰ ਦੋਸ਼ੀ ਗਗਨਦੀਪ ਸਿੰਘ ਉਰਫ ਗਗਨਾ ਪੁੱਤਰ ਰਘਵੀਰ ਸਿੰਘ ਵਾਸੀ ਮਕਾਨ ਨੰਬਰ 1133/2 ਦਸ਼ਮੇਸ਼ ਨਗਰ ਨਵਾਂਗਰਾਂਓਂ ਗ੍ਰਿਫਤਾਰ ਕਰਕੇ ਮੁਕੱਦਮਾ ਨੂੰ ਟਰੇਸ ਕੀਤਾ ਗਿਆ ਹੈ।**

**4) ਮੁਕੱਦਮਾ ਨੰਬਰ 110 ਮਿਤੀ 29.05.17 ਅ/ਧ 18,19,20 ਅਨਲਾਅਫੁੱਲ ਐਕਟੀਵਿਟੀਜ਼ ਐਕਟ ਅਤੇ 25-54-59 ਅਸਲਾ ਐਕਟ ਥਾਣਾ ਫੇਸ-1 ਮੋਹਾਲੀ।**

ਉਕਤ ਮੁਕੱਦਮਾ ਵਿੱਚ ਇੰਸਪੈਕਟਰ ਅਤੁਲ ਸੋਨੀ ਇੰਚਾਰਜ ਸੀ.ਆਈ.ਏ. ਨੇ ਬੱਸ ਅੱਡਾ ਫੇਸ-6 ਮੋਹਾਲੀ ਚੈਕਿੰਗ ਦੌਰਾਨ ਬੱਬਰ ਜਥੇਬੰਦੀ ਦੇ ਮੈਂਬਰਾਂ ਹਰਵਿੰਦਰ ਸਿੰਘ ਵਗੈਰਾ ਨੂੰ ਗ੍ਰਿਫਤਾਰ ਕਰਕੇ , 02 ਪਿਸਟਲ 32 ਬੋਰ ਅਤੇ 05 ਰੌਂਦ ਬ੍ਰਾਮਦ ਕੀਤੇ।

**5) ਮੁਕੱਦਮਾ ਨੰਬਰ 83 ਮਿਤੀ 18.06.17 ਅ/ਧ 307,392,34 ਹਿੰ:ਦੰ: ਥਾਣਾ ਮਟੌਰ।**

ਉਕਤ ਮੁਕੱਦਮਾ ਸੁਵਿਮ ਪੁੱਤਰ ਮਹਾਂਵੀਰ ਪ੍ਰਸ਼ਾਦ ਵਾਸੀ ਮਕਾਨ ਨੰਬਰ ਐਫ-7 ਪੀ.ਡਬਲਿਊ ਡੀ ਕਲੌਨੀ ਹਨੂੰਮਾਨਗੜ੍ਹ( ਰਾਜਸਥਾਨ) ਹਾਲ ਮਕਾਨ ਨੰਬਰ 3118 ਸੈਕਟਰ 71 ਮੋਹਾਲੀ ਵੇ ਬਿਆਨ ਤੇ ਦਰਜ ਹੋਇਆ ਕਿ 02 ਮੋਨੇ ਨਾ ਮਲੂਮ ਲੜਕੇ ਫੇਸ 3ਬੀ-2 ਮੋਹਾਲੀ ਟਾਈਮ ਜ਼ੈਸ ਜਿਊਲਰ ਦੇ ਸਕਿਓਰਟੀ ਗਾਰਡ ਦੇ ਸਿਰ ਵਿੱਚ ਡੰਡੇ ਮਾਰ ਕੇ ਰਾਇਫਲ ਖੋਹ ਕੇ ਲੈ ਗਏ।

**ਮੁਕੱਦਮਾ ਵਿੱਚ ਦੋਸ਼ੀਆਂਨ ਹਰਮਨਜੋਤ ਸਿੰਘ, ਬਲਜਿੰਦਰ ਸਿੰਘ ਉਰਫ ਭੂਚੀ,ਅਨੂਜ ਜੱਗਾ, ਅਤੇ ਕਰਨ ਉਰਫ ਨੋਨੂ ਪੁੱਤਰ ਮਨਜੀਤ ਸਿੰਘ ਵਾਸੀ ਗਲੀ ਨੰਬਰ 5 ਸੋਢੀ ਨਗਰ ਮੋਗਾ ਨੂੰ ਗ੍ਰਿਫਤਾਰ ਕਰਕੇ ਇਨਾਂ ਪਾਸੋ ਖੋਹ ਕੀਤੀ ਰਾਇਫਲ ਸਮੇਤ 07 ਕਾਰਤੂਸ ਜਿੰਦਾ,ਤੋਂ ਇਲਾਵਾ ਇੱਕ 12 ਬੋਰ ਪਿਸਟਲ ਸਮੇਤ 12 ਜਿੰਦਾ ਰੌਂਦ ਅਤੇ .32 ਬੋਰ ਪਿਸਟਲ ਸਮੇਤ 3 ਰੌਂਦ ਬ੍ਰਾਮਦ ਹੋਏ।ਵਾਰਦਾਤ ਵਿੱਚ ਵਰਤੀ ਵਰਨਾ ਕਾਰ ਨੰਬਰ ਪੀ.ਬੀ.29 ਵਾਈ 1001 ਜਿਸ ਦਾ ਅਸਲ ਨੰਬਰ ਪੀ.ਬੀ.08.ਐਕਸ 5989 ਸੀ ਬਰਾਮਦ ਕੀਤੀ।**

6) **ਮੁਕੱਦਮਾ ਨੰਬਰ 166 ਮਿਤੀ 22.07.17 ਅ/ਧ 21-61-85 ਐਨ.ਡੀ.ਪੀ.ਐਸ. ਐਕਟ ਥਾਣਾ ਸਿਟੀ ਖਰੜ।**

ਉਕਤ ਮੁਕੱਦਮਾ ਵਿੱਚ ਸ:ਥ: ਭੁਪਿੰਦਰ ਕੁਮਾਰ ਨੇ ਦੋਸ਼ੀਆਂ ਮਨਦੀਪ ਸਿੰਘ ਉਰਫ ਦੀਪਾ ਪੁੱਤਰ ਗੁਰਨਾਮ ਸਿੰਘ ਅਤੇ ਲਖਵੀਰ ਸਿੰਘ ਲੱਖੀ ਪੁੱਤਰ ਸੁਰਜੀਤ ਸਿੰਘ ਵਾਸੀਆਂਨ ਖੰਨਾ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 520 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ।

7) **ਮੁਕੱਦਮਾ ਨੰਬਰ 161 ਮਿਤੀ 20.07.17 ਅ/ਧ 25-54-59 ਅਸਲਾ ਐਕਟ ਥਾਣਾ ਸਿਟੀ ਖਰੜ।**

ਉਕਤ ਮੁਕੱਦਮਾ ਵਿੱਚ ਸ:ਥ: ਸਤੀਸ਼ ਕੁਮਾਰ ਨੇ ਦੋਸ਼ੀਆਂ ਅੰਸੂਮਨ ਪੁੱਤਰ ਅਮਰਜੀਤ ਸਿੰਘ ਵਾਸੀ ਪਿੰਡ ਰਸੂਲਪੁਰ (ਯੂ.ਪੀ) ਅਤੇ ਕ੍ਰਿਸ਼ਨ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਛੋਟੀਟੈਲ ਪਚੰਤੀ, ਯਮੁਨਾਨਗਰ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 01 ਪਿਸਟਲ 315 ਬੋਰ, 03 ਰੌਂਦ ਜਿੰਦਾ ਅਤੇ 01 ਇੰਡੀਗੋ ਕਾਰ ਬ੍ਰਾਮਦ ਕੀਤੇ।

8) **ਮੁਕੱਦਮਾ ਨੰਬਰ 238 ਮਿਤੀ 25.06.17 ਅ/ਧ 13-3-67 ਜੂਆ ਐਕਟ ਥਾਣਾ ਜੀਰਕਪੁਰ।**

ਉਕਤ ਮੁਕੱਦਮਾ ਵਿੱਚ ਸ:ਥ: ਬਲਵਿੰਦਰ ਸਿੰਘ ਨੇ ਦੋਸ਼ੀਆਂ ਰਿਸੂ ਕੁਮਾਰ. ਰਾਜਵਿੰਦਰ ਪਾਲ, ਮੁਕੇਸ਼ ਕੁਮਾਰ, ਸੰਦੀਪ, ਮਨੂੰ ਕੁਮਾਰ, ਵਿਕਾਸ ਕੁਮਾਰ, ਸੁਰੇਸ਼ ਕੁਮਾਰ ਅਤੇ ਹਰੀਸ਼ ਕੁਮਾਰ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 100000/- ਰੁਪਏ, 36 ਮੋਬਾਇਲ ਫੋਨਜ਼, 02 ਐਲ.ਸੀ.ਡੀ. ਅਤੇ 03 ਲੈਪਟੋਪ ਬ੍ਰਾਮਦ ਕੀਤੇ।

9) **ਮੁਕੱਦਮਾ ਨੰਬਰ 112 ਮਿਤੀ 17.06.17 ਅ/ਧ 18-61-85 ਐਨ.ਡੀ.ਪੀ.ਐਸ. ਐਕਟ ਥਾਣਾ ਲਾਲੜੂ।**

ਉਕਤ ਮੁਕੱਦਮਾ ਵਿੱਚ ਥਾਣੇ: ਸੁਮੀਤ ਮੋਰ ਨੇ ਦੋਸ਼ੀ ਰਵੀ ਕੁਮਾਰ ਪੁੱਤਰ ਲੱਲੂ ਸਿੰਘ ਵਾਸੀ ਥਾਣਾ ਵਜੀਰਗੰਜ ਜਿਲ੍ਹਾ ਬਦਾਯੂੰ (ਯੂ.ਪੀ) ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 500 ਗ੍ਰਾਮ ਅਫੀਮ ਬ੍ਰਾਮਦ ਕੀਤੀ।

10) **ਮੁਕੱਦਮਾ ਨੰਬਰ 122 ਮਿਤੀ 09.06.17 ਅ/ਧ 21-61-85 ਐਨ.ਡੀ.ਪੀ.ਐਸ. ਐਕਟ ਥਾਣਾ ਸੋਹਾਣਾ।**

ਉਕਤ ਮੁਕੱਦਮਾ ਵਿੱਚ ਥਾਣੇਦਾਰ ਪਵਨ ਕੁਮਾਰ ਨੇ ਦੋਸ਼ੀਆਂ ਗੁਰਦੇਵ ਚੰਦ ਪੁੱਤਰ ਮੀਤ ਰਾਮ, ਰਾਕੇਸ਼ ਕੁਮਾਰ ਪੁੱਤਰ ਖੁਸ਼ੀ ਰਾਮ ਤੇ ਰਣਜੀਤ ਸਿੰਘ ਉਰਫ ਜੀਤਾ ਪੁੱਤਰ ਮੱਖਣ ਸਿੰਘ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 550 ਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ।

11) **ਮੁਕੱਦਮਾ ਨੰਬਰ 65 ਮਿਤੀ 09.06.17 ਅ/ਧ 18-61-85 ਐਨ.ਡੀ.ਪੀ.ਐਸ. ਐਕਟ ਥਾਣਾ ਫੇਸ-11 ਮੋਹਾਲੀ।**

ਉਕਤ ਮੁਕੱਦਮਾ ਵਿੱਚ ਸ:ਥ: ਗੁਰਨਾਮ ਸਿੰਘ ਨੇ ਦੋਸ਼ੀ ਚੁੰਨੀ ਲਾਲ ਪੁੱਤਰ ਰਾਮ ਲਾਲ ਵਾਸੀ ਮਕਾਨ ਨੰ: 833 ਸੈਕਟਰ-80 ਮੋਹਾਲੀ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 960 ਗ੍ਰਾਮ ਅਫੀਮ ਬ੍ਰਾਮਦ ਕੀਤੀ।

12) **ਮੁਕੱਦਮਾ ਨੰਬਰ 180 ਮਿਤੀ 31.07.17 ਅ/ਧ 302 ਹਿੰ:ਦੰ: ਥਾਣਾ ਡੇਰਾਬੱਸੀ।**

ਉਕਤ ਮੁਕੱਦਮਾ ਮੁਹੰਮਦ ਸਲੀਮ ਪੁੱਤਰ ਲੇਟ ਮੁਹੰਮਦ ਸਰੀਫ ਵਾਸੀ ਪਿੰਡ ਬਗਦਾੜਾ ਜਿਲ੍ਹਾ ਮੁਜੱਫਰ ਨਗਰ (ਯੂ.ਪੀ) ਹਾਲ ਵਾਸੀ ਮੋਟਰ ਸੋਹਣ ਸਿੰਘ ਨੰਬਰਦਾਰ ਪਿੰਡ ਮਾਹੀਵਾਲਾ ਥਾਣਾ ਡੇਰਾਬੱਸੀ ਵਲੋਂ ਨਾ-ਮਲੂਮ ਵਿਅਕਤੀ ਦੇ ਵਿਰੁੱਧ ਦਰਜ ਹੋਇਆ ਕਿ ਮੁਦੱਈ ਮਿਤੀ 30.07.17 ਦੀ ਰਾਤ ਨੂੰ ਪਰਿਵਾਰ ਸਮੇਤ ਮੋਟਰ ਦੇ ਬਰਾਂਡੇ ਵਿੱਚ ਸੁੱਤਾ ਪਿਆ ਸੀ, ਉਸ ਦਾ ਲੜਕਾ ਮੁਹੰਮਦ ਫੁਰਮਾਨ ਉਮਰ ਕਰੀਬ 02 ਸਾਲ ਵੀ ਉਸ ਨਾਲ ਮੰਜੇ ਪਰ ਸੁੱਤਾ ਪਿਆ ਸੀ ਤਾਂ ਵਕਤ ਕਰੀਬ 11.30ਪੀ.ਐਮ. ਤੇ ਉਸ ਨੇ ਉੱਠ ਕੇ ਦੇਖਿਆ ਤਾਂ ਉਸ ਦਾ ਲੜਕਾ ਮੰਜੇ ਪਰ ਨਹੀਂ ਸੀ। ਮੁਦੱਈ ਸਮੇਤ ਆਪਣੀ ਪਤਨੀ ਦੇ ਆਪਣੇ ਲੜਕੇ ਨੂੰ ਲੱਭਣ ਲੱਗ ਪਏ ਤਾਂ ਮੋਟਰ ਤੋਂ ਥੋੜੀ ਦੂਰ 01 ਨਾ-ਮਲੂਮ ਮੋਨਾ ਵਿਅਕਤੀ ਉਸ ਦੇ ਲੜਕੇ ਨੂੰ ਧਰਤੀ ਪਰ ਪਟਕ ਰਿਹਾ ਸੀ, ਜੋ ਉਹਨਾਂ ਨੂੰ ਦੇਖ ਕੇ ਫਰਾਰ ਹੋ ਗਿਆ। ਮੁਦੱਈ ਦੇ ਲੜਕੇ ਦੀ ਦੌਰਾਨੇ ਇਲਾਜ ਜੀ.ਐਮ.ਸੀ. ਹਸਪਤਾਲ ਸੈਕਟਰ-32 ਚੰਡੀਗੜ੍ਹ ਤੋਂ ਪੀ.ਜੀ.ਆਈ. ਲਿਜਾਂਦੇ ਸਮੇਂ ਰਸਤੇ ਵਿੱਚ ਮੌਤ ਹੋ ਗਈ।

**ਦੌਰਾਨੇ ਤਫਤੀਸ਼ ਮੁਕੱਦਮਾ ਵਿੱਚ ਮੁਦੱਈ ਹੀ ਦੋਸ਼ੀ ਬਣ ਗਿਆ, ਜਿਸ ਨੂੰ ਮਿਤੀ 01.08.17 ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਨੂੰ ਟਰੇਸ ਕੀਤਾ ਗਿਆ।**

13) **ਮੁਕੱਦਮਾ ਨੰਬਰ 150 ਮਿਤੀ 23.09.17 ਅ/ਧ 302,34 ਹਿੰ:ਦੰ: ਥਾਣਾ ਮਟੌਰ।**

ਉਕਤ ਮੁਕੱਦਮਾ ਯਸ਼ਪਾਲ ਕੌਰ ਪੁੱਤਰੀ ਗੁਰਬਖਸ਼ ਸਿੰਘ ਵਾਸੀ ਮਕਾਨ ਨੰ: 3281 ਸੈਕਟਰ-71 ਮੋਹਾਲੀ ਵੱਲੋਂ ਨਾ-ਮਲੂਮ ਵਿਅਕਤੀ/ਵਿਅਕਤੀਆਂ ਦੇ ਵਿਰੁੱਧ ਦਰਜ ਹੋਇਆ ਕਿ ਮੁਦੱਈ ਦਾ ਭਰਾ ਕਰਨਜੀਤ ਸਿੰਘ ਉਮਰ ਕਰੀਬ 65 ਸਾਲ ਅਤੇ ਮਾਤਾ ਗੁਰਚਰਨ ਕੌਰ ਮਕਾਨ ਨੰਬਰ 1796 ਫੇਸ-3ਬੀ-2 ਮੋਹਾਲੀ ਵਿੱਚ ਰਹਿੰਦੇ ਸਨ। ਮੁਦੱਈ ਅਤੇ ਉਸ ਦੀਆਂ ਭੈਣਾਂ ਵਾਰੀ-ਵਾਰੀ ਉਹਨਾਂ ਨੂੰ ਖਾਣਾ ਦੇਣ ਆਉਂਦੇ ਸੀ, ਜਦੋਂ ਮਿਤੀ 23.09.17 ਨੂੰ ਵਕਤ ਕਰੀਬ 12.45ਪੀ.ਐਮ. ਤੇ ਮੁਦੱਈ ਅਤੇ ਉਸਦਾ ਲੜਕਾ ਖਾਣਾ ਦੇਣ ਲਈ ਪਹੁੰਚੇ ਤਾਂ ਬਾਹਰ ਆਈਕੋਨ ਗੱਡੀ ਨਹੀਂ ਖੜ੍ਹੀ ਸੀ, ਜਦੋਂ ਅੰਦਰ ਜਾ ਕੇ ਦੇਖਿਆ ਤਾਂ ਬੈਡਰੂਮ ਵਿੱਚ ਮੁਦੱਈ ਦੇ ਭਰਾ ਕਰਨਜੀਤ ਸਿੰਘ ਦੀ ਲਾਸ਼ ਖੂਨ ਨਾਲ ਲੱਥ-ਪੱਥ ਪਈ ਸੀ ਅਤੇ ਦੂਜੇ ਕਮਰੇ ਵਿੱਚ ਉਸ ਦੀ ਮਾਤਾ ਮ੍ਰਿਤਕ ਹਾਲਤ ਵਿੱਚ ਪਈ ਸੀ, ਜਿਸ ਦੇ ਗ਼ਲੇ ਪਰ ਗ਼ਲ ਘੁੱਟਣ ਦੇ ਨਿਸ਼ਾਨ ਸਨ।

**ਦੌਰਾਨੇ ਤਫਤੀਸ਼ ਮੁਕੱਦਮਾ ਵਿੱਚ ਦੋਸ਼ੀ ਗੌਰਵ ਕੁਮਾਰ ਪੁੱਤਰ ਸਤਵੀਰ ਸਿੰਘ ਵਾਸੀ ਪਿਪਲਾ, ਥਾਣਾ ਔਰੰਗਾਬਾਦ ਜਿਲ੍ਹਾ ਬੁਲੰਦ ਸ਼ਹਿਰ (ਯੂ.ਪੀ) ਹਾਲ ਕਿਰਾਏਦਾਰ ਪਿੰਡ ਕਜਹੇੜੀ ਚੰਡੀਗੜ੍ਹ ਨੂੰ ਮਿਤੀ 26.10.17 ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਨੂੰ ਟਰੇਸ ਕੀਤਾ ਗਿਆ।ਦੋਸ਼ੀ ਪਾਸੋਂ ਕਤਲ ਵਿੱਚ ਵਰਤਿਆ ਚਾਕੂ, ਮ੍ਰਿਤਕਾਂ ਦੇ 2**

**ਮੋਬਾਇਲ ਫੋਨ,3ਏ.ਟੀ.ਐਮ ਕਾਰਡ,ਇੱਕ ਘੜੀ, ਡੀ.ਵੀ.ਡੀ ਪਲੇਅਰ,ਏਅਰਟੈਲ ਕੰਪਨੀ ਦਾ ਟੀ.ਵੀ.ਸੈਟ ਅੱਪ ਬੌਕਸ,ਅਤੇ ਇੱਕ ਟੈਲੀ ਫਲੈਸ਼ ਬ੍ਰਾਮਦ ਕੀਤੇ ਗਏ।**

14) **ਮੁਕੱਦਮਾ ਨੰਬਰ 158 ਮਿਤੀ 28.04.17 ਅ/ਧ 302,34 ਹਿੰ:ਦੰ:, 25,27/54/59 ਅਸਲਾ ਐਕਟ ਥਾਣਾ ਜੀਕਰਪੁਰ।**

ਉਕਤ ਮੁਕੱਦਮਾ ਮਹਾਂਬੀਰ ਪ੍ਰਸ਼ਾਦ ਜੈਨ ਪੁੱਤਰ ਲੇਟ ਕਪੂਰ ਚੰਦ ਜੈਨ ਵਾਸੀ ਮਕਾਨ ਨੰ: 20 ਮੋਡਰਨ ਇੰਨਕਲੇਵ ਬਲਟਾਣਾ ਥਾਣਾ ਜੀਰਕਪੁਰ ਵੱਲੋਂ 03 ਨਾ-ਮਲੂਮ ਵਿਅਕਤੀਆਂ ਦੇ ਵਿਰੁੱਧ ਦਰਜ ਹੋਇਆ ਕਿ ਮੁਦੱਈ ਦੇ ਲੜਕਿਆਂ ਆਦਿਸ਼ ਜੈਨ ਅਤੇ ਅਜੇ ਜੈਨ ਨੇ ਮੈਸ. ਜੈਨ ਮੋਬਾਇਲ ਸੈਂਟਰ ਦੀ ਮੇਨ ਮਾਰਕੀਟ ਵਿੱਚ ਦੁਕਾਨ ਕੀਤੀ ਹੋਈ ਹੈ। ਮਿਤੀ 27.04.17 ਨੂੰ ਮੁਦੱਈ ਨੂੰ ਉਸ ਦੇ ਲੜਕੇ ਆਦਿਸ਼ ਦਾ ਫੋਨ ਆਇਆ ਕਿ 03 ਨਾਮਲੂਮ ਮੋਟਰ ਸਾਈਕਲ ਸਵਾਰ ਵਿਅਕਤੀ ਅਜੇ ਜੈਨ ਨੂੰ ਗੋਲ਼ੀ ਮਾਰ ਕੇ ਭੱਜ ਗਏ। ਅਜੇ ਜੈਨ ਨੂੰ ਇਲਾਜ ਲਈ ਹਸਪਤਾਲ ਸੈਕਟਰ-6 ਪੰਚਕੂਲਾ ਲਿਆਂਦਾ ਗਿਆ, ਜਿੱਤੇ ਡਾਕਟਰ ਸਾਹਿਬ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

**ਮੁਕੱਦਮਾ ਵਿੱਚ ਦੋਸ਼ੀਆਂ ਅਮਿਤ ਕੁਮਾਰ ਮਲਿਕ ਉਰਫ ਭੂਰਾ, ਸੁਸ਼ੀਲ ਕੁਮਾਰ ਫੌਜੀ ਅਤੇ ਨਰਿੰਦਰ ਮਦੋਕ ਨੂੰ ਗ੍ਰਿਫਤਾਰ ਕਰਕੇ ਉਹਨਾਂ ਦੇ ਹਿੱਸੇ ਆਏ ਸੁਪਾਰੀ ਦੇ 02 ਲੱਖ ਰੁਪਏ ਵੀ ਬ੍ਰਾਮਦ ਕਰ ਲਏ।**

15) **ਮੁਕੱਦਮਾ ਨੰਬਰ 54 ਮਿਤੀ 14.07.17 ਅ/ਧ 307,34 ਹਿੰ:ਦੰ:, 25-54-59 ਅਸਲਾ ਐਕਟ ਥਾਣਾ ਬਲੌਂਗੀ।**

ਉਕਤ ਮੁਕੱਦਮਾ ਹਰਵਿੰਦਰ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਮਕਾਨ ਨੰ: 32 ਪਿੰਡ ਬਲੌਂਗੀ ਵੱਲੋਂ ਨਾ-ਮਲੂਮ ਵਿਅਕਤੀਆਂ ਦੇ ਵਿਰੁੱਧ ਦਰਜ ਹੋਇਆ ਕਿ ਮੁਦੱਈ ਮਿਤੀ 13.07.17 ਨੂੰ ਵਕਤ ਕਰੀਬ 08.15ਪੀ.ਐਮ. ਤੇ ਆਪਣੇ ਘਰ ਵਿੱਚ ਸੀ ਤਾਂ ਮਕਾਨ ਦੀ ਬੈਲ ਵੱਜੀ। ਮੁਦੱਈ ਦੀ ਪਤਨੀ ਜਾਲੀ ਵਾਲੇ ਦਰਵਾਜੇ ਕੋਲ ਗਈ ਤਾਂ ਬਾਹਰ ਖੜ੍ਹੇ ਵਿਅਕਤੀ ਨੇ ਕਿਹਾ ਕਿ ਹਰਵਿੰਦਰ ਸਿੰਘ ਨੂੰ ਮਿਲਣਾ ਹੈ। ਜਿਸ ਤੇ ਮੁਦੱਈ ਨੇ ਜਦੋਂ ਬਾਹਰਲੇ ਗੇਟ ਦਾ ਇੱਕ ਪਾਸਾ ਖੋਲਿਆ ਤਾਂ ਸਾਹਮਣੇ ਛੋਟੇ ਕੱਦ ਦਾ ਇੱਕ 18/19 ਸਾਲ ਦਾ ਮੋਨਾ ਲੜਕਾ ਖੜ੍ਹਾ ਸੀ ਤੇ 02 ਵਿਅਕਤੀ ਸਾਈਡ ਪਰ ਖੜ੍ਹੇ ਸਨ, ਜਿਹਨਾਂ ਵਿੱਚੋਂ 01 ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜੋ ਮੁਦੱਈ ਦੇ ਦੋਨਾਂ ਪੈਰਾਂ ਅਤੇ ਬਾਂਹ ਵਿੱਚ ਗੋ਼ਲੀਆਂ ਵੱਜੀਆਂ। ਉਸ ਤੋਂ ਬਾਅਦ ਤਿੰਨੇ ਨਾ-ਮਲੂਮ ਦੋਸ਼ੀਆਂਨ ਗੁਰਦੁਆਰਾ ਸਾਈਡ ਨੂੰ ਫਰਾਰ ਹੋ ਗਏ।

**ਮੁਕੱਦਮਾ ਵਿੱਚ ਦੋਸ਼ੀਆਂਨ ਰੋਹਿਤ ਮਦੋਕ ਵਾਸੀ ਬਲਟਾਣਾ, ਰਜਿੰਦਰ ਜੋਕਰ, ਵਿਪਨ ਕੁਮਾਰ ਵਾਸੀ ਫਤਿਹਾਬਾਦ, ਸੁਨੀਲ ਕੁਮਾਰ ਉਰਫ ਸੀਲੂ ਵਾਸੀ ਨਾਲਾਗੜ੍ਹ, ਹਰਦੀਪ ਸਿੰਘ ਉਰਫ ਹੈਪੂ ਵਾਸੀ ਭਲਾਣ ਨੂੰ ਗ੍ਰਿਫਤਾਰ ਕਰਕੇ ਇਨਾਂ ਪਾਸੋ 02 ਪਿਸਟਲ 32 ਬੋਰ 35 ਕਾਰਤੂਸ, 03 ਪਿਸਟਲ 315 ਬੋਰ 39 ਜਿੰਦਾ ਰੌਂਦ,**

**01 ਪਿਸਟਲ 30 ਬੋਰ ਸਮੇਤ 02 ਕਾਰਤੂਸ ਬ੍ਰਾਮਦ ਹੋਏ।ਵਾਰਦਾਤ ਵਿੱਚ ਵਰਤਿਆ ਪਲ਼ੇਟਿਨਾ ਮੋਟਰ ਸਾਈਕਲ ਨੰਬਰ ਪੀ.ਬੀ-12ਬੀ-9438 ਬ੍ਰਾਮਦ ਕੀਤਾ।ਗ੍ਰਿਫਤਾਰ ਕੀਤੇ ਗੈਂਗ=02**

**16) ਮੁਕੱਦਮਾ ਨੰਬਰ 157 ਮਿਤੀ 25.07.17 ਅ/ਧ 382 ਹਿੰ:ਦੰ: ਥਾਣਾ ਫੇਸ-1 ਮੋਹਾਲੀ।**

ਉਕਤ ਮੁਕੱਦਮਾ ਗੁਰਸ਼ਰਨ ਸਿੰਘ ਅਸਿਸਟੈਂਟ ਮੈਨੇਜਰ, ਸਟੇਟ ਬੈਂਕ ਆਫ ਇੰਡੀਆ, ਇੰਡ: ਏਰੀਆ, ਫੇਸ-7 ਮੋਹਾਲੀ ਵੱਲੋਂ ਨਾ-ਮਲੂਮ ਵਿਅਕਤੀ ਦੇ ਵਿਰੁੱਧ ਦਰਜ ਹੋਇਆ ਕਿ ਮੁਦੱਈ ਮਿਤੀ 25.06.17 ਨੂੰ ਡਿਊਟੀ ਤੇ ਹਾਜਰ ਸੀ ਤਾਂ ਵਕਤ ਕਰੀਬ 02.20ਪੀ.ਐਮ. ਤੇ 01 ਨਾ-ਮਲੂਮ ਵਿਅਕਤੀ ਲਾਲ ਕੈਪ ਤੇ ਚਿੱਟੀ ਕਮੀਜ਼ ਪਹਿਨੇ ਹੋਏ ਹੱਥ ਵਿੱਚ ਪਿਸਟਲ ਟਾਈਪ ਹਥਿਆਰ ਲੈ ਕੇ ਬੈਂਕ ਅੰਦਰ ਦਾਖਲ ਹੋਇਆ ਤੇ ਉਸ ਨੇ ਇੱਕ ਫਾਇਰ ਕੀਤਾ ਅਤੇ ਕੈਸ਼ੀਅਰ ਸੌਰਵ ਸਚਦੇਵਾ ਨੂੰ ਨਾਲ ਲੈ ਕੇ ਕੈਬਨ ਵਿੱਚ ਚਲਾ ਗਿਆ। ਜਿੱਥੋਂ ਉਹ 500/- ਰੁਪਏ ਦੇ ਕੁਝ ਨੋਟ ਆਪਣੇ ਬੈਗ ਵਿੱਚ ਪਾ ਕੇ ਲੈ ਗਿਆ।

**ਮੁਕੱਦਮਾ ਵਿੱਚ ਮਿਤੀ 25.07.17 ਨੂੰ ਮਨਜਿੰਦਰ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਜੀਰਾ ਹਾਲ ਵਾਸੀ ਸੰਨੀ ਇੰਨਕਲੇਵ ਖਰੜ ਨੂੰ ਗ੍ਰਿਫਤਾਰ ਕਰਕੇ ਵਾਰਦਾਤ ਵਿੱਚ ਵਰਤੀ ਗਈ ਗੱਡੀ ਪੀ.ਬੀ-23ਐਚ-0196 ਵੋਲਕਸਵੈਗਨ, 01 ਪਿਸਟਲ 32 ਬੋਰ ਅਤੇ ਲੁੱਟੀ ਹੋਈ ਨਗਦੀ 7,67,500/- ਰੁਪਏ ਬ੍ਰਾਮਦ ਕੀਤੇ ਗਏ।**

**17) ਮੁਕੱਦਮਾ ਨੰਬਰ 95 ਮਿਤੀ 12.05.17 ਅ/ਧ 302,34 ਹਿੰ:ਦੰ: ਥਾਣਾ ਸੋਹਾਣਾ।**

ਉਕਤ ਮੁਕੱਦਮਾ ਸੁਖਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਲਖਨੌਰ ਥਾਣਾ ਕੁਰਾਲੀ ਜਿਲ੍ਹਾ ਐਸ.ਏ.ਐਸ. ਨਗਰ ਵੱਲੋਂ ਨਾ-ਮਲੂਮ ਵਿਅਕਤੀਆਂ ਦੇ ਵਿਰੁੱਧ ਦਰਜ ਹੋਇਆ ਕਿ ਮੁਦੱਈ ਦਾ ਭਣੋਈਆ ਸੁਰਜੀਤ ਸਿੰਘ ਉਰਫ ਸ਼ੀਤਲ ਪੁੱਤਰ ਗੁਰਦਿਆਲ ਸਿੰਘ ਵਾਸੀ ਪਿੰਡ ਫਤਿਹਪੁਰ ਜੱਟਾਂ ਥਾਣਾ ਬਸੀ ਪਠਾਣਾਂ ਜਿਲ੍ਹਾ ਫਤਿਹਗੜ੍ਹ ਸਾਹਿਬ, ਜੋ ਕੋਠੀ ਨੰ: 3217 ਸੈਕਟਰ-71 ਮੋਹਾਲੀ ਰਹਿੰਦਾ ਸੀ। ਸੇਵਾ ਸਿੰਘ ਵਾਸੀ ਫਤਿਹਪੁਰ ਜੱਟਾਂ ਨੇ ਸੁਰਜੀਤ ਸਿੰਘ ਨੂੰ ਫੋਨ ਕੀਤਾ ਸੀ ਜੋ ਪਰਮਿੰਦਰ ਸਿੰਘ ਉਰਫ ਡੌਨ ਅਤੇ ਗੁਰਪ੍ਰੀਤ ਕੌਰ ਨੇ ਚੁੱਕਿਆ ਅਤੇ ਕਿਹਾ ਕਿ ਸੁਰਜੀਤ ਸਿੰਘ ਉੱਥੋਂ ਜਾ ਚੁੱਕਿਆ ਹੈ। ਸੁਰਜੀਤ ਸਿੰਘ ਦੇ ਘਰ ਨਾ ਪਹੁੰਚਣ ਤੇ ਮਿਤੀ 11.05.17 ਨੂੰ ਮੁਦੱਈ ਵਗੈਰਾ ਨੇ ਮੋਹਾਲੀ ਆ ਕੇ ਦੇਖਿਆ ਕਿ ਕੋਠੀ ਦਾ ਵਿਚਕਾਰਲਾ ਪੋਰਸ਼ਨ ਖੁੱਲ੍ਹਾ ਸੀ, ਜੋ ਭਾਲ ਕਰਨ ਤੇ ਨਹੀਂ ਮਿਲਿਆ। ਮੁਦੱਈ ਨੂੰ ਪਤਾ ਲੱਗਿਆ ਹੈ ਕਿ ਪਿੰਡ ਮੌਲ਼ੀ ਬੈਦਵਾਨ ਨੇੜੇ ਗੰਦੇ ਨਾਲ਼ੇ ਵਿੱਚੋਂ ਲਾਸ਼ ਮਿਲੀ ਹੈ, ਜਿਸ ਸਿਵਲ ਹਸਪਤਾਲ ਫੇਸ-6 ਮੋਹਾਲੀ ਜਾ ਕੇ ਸ਼ਨਾਖਤ ਕਰਨ ਤੇ ਪਤਾ ਲੱਗਿਆ ਕਿ ਇਹ ਸੁਰਜੀਤ ਸਿੰਘ ਦੀ ਹੀ ਲਾਸ਼ ਹੈ। ਮੁਦੱਈ ਨੂੰ ਸ਼ੱਕ ਹੈ ਕਿ ਸੁਰਜੀਤ ਸਿੰਘ ਦਾ ਕਤਲ ਦੋਸ਼ੀਆਂ ਪਰਮਿੰਦਰ ਸਿੰਘ ਉਰਫ ਡੌਨ ਅਤੇ ਗੁਰਪ੍ਰੀਤ ਕੌਰ ਨੇ ਕੀਤਾ ਹੈ।

**ਮੁਕੱਦਮਾ ਵਿੱਚ ਦੋਸ਼ੀਆਂ ਪਰਮਿੰਦਰ ਸਿੰਘ ਉਰਫ ਡੌਨ ਅਤੇ ਗੁਰਪ੍ਰੀਤ ਕੌਰ ਨੂੰ ਗ੍ਰਿਫਤਾਰ ਕੀਤਾ ਗਿਆ।**

18) **ਮੁਕੱਦਮਾ ਨੰਬਰ 203 ਮਿਤੀ 07.09.17 ਅ/ਧ 307,323,341,395,148,149,120ਬੀ ਹਿੰ:ਦੰ: , 25/27-54-59 ਅਸਲਾ ਐਕਟ ਥਾਣਾ ਡੇਰਾਬੱਸੀ।**

ਉਕਤ ਮੁਕੱਦਮਾ ਮੇਜਰ ਸਿੰਘ ਪੁੱਤਰ ਲਾਭ ਸਿੰਘ ਵਾਸੀ ਪਿੰਡ ਚਡਿਆਲਾ ਥਾਣਾ ਡੇਰਾਬੱਸੀ ਵੱਲੋਂ ਨਾ-ਮਲੂਮ ਵਿਅਕਤੀਆਂ ਦੇ ਵਿਰੁੱਧ ਦਰਜ ਰਜਿਸਟਰ ਹੋਇਆ ਕਿ ਮੁਦੱਈ ਸਮੇਤ ਆਪਣੇ ਪਿਤਾ ਲਾਭ ਸਿੰਘ ਅਤੇ ਦੋਸਤ ਕੁਲਵੰਤ ਸਿੰਘ ਦੇ ਆਪਣੀ ਸਵਿਫਟ ਕਾਰ ਨੰਬਰ ਪੀ.ਬੀ-01ਏ-7605 ਵਿੱਚ ਸਵਾਰ ਹੋ ਕੇ ਆਪਣੇ ਭਰਾ ਕੇਸਰ ਸਿੰਘ ਨੂੰ ਮਿਲ ਕੇ ਵਾਪਸ ਆਪਣੇ ਘਰ ਆ ਰਹੇ ਸੀ ਤਾਂ ਜਦੋਂ ਵਕਤ ਕਰੀਬ 9.40ਪੀ.ਐਮ. ਤੇ ਉਹ ਪਿੰਡ ਫਤਿਹਪੁਰ ਜੱਟਾਂ ਨੇੜੇ ਬਾਲਮੀਕ ਧਰਮਸ਼ਾਲਾ ਪੁੱਜੇ ਤਾਂ ਪਿੰਡ ਸ਼ੇਖਪੁਰ ਕਲਾਂ ਸਾਈਡ ਤੋਂ ਇੱਕ ਇੰਡੈਵਰ ਗੱਡੀ ਨੰਬਰ ਸੀ.ਐਚ-01ਏ.ਐਚ-5233 ਆਈ, ਜਿਸ ਵਿੱਚੋਂ 03 ਨੌਜਵਾਨ ਹੱਥਾਂ ਵਿੱਚ ਪਿਸਤੌਲ ਫੜੇ ਹੋਏ ਉੱਤਰੇ ਤੇ ਮੁਦੱਈ ਦੀ ਗੱਡੀ ਰੋਕ ਕੇ 01 ਫਾਇਰ ਕੀਤਾ, ਜੋ ਮੁਦੱਈ ਦੇ ਪੱਟ ਵਿੱਚ ਲੱਗਿਆ ਅਤੇ ਮੌਕਾ ਪਰ ਹੀ ਇੰਡੈਵਰ ਗੱਡੀ ਛੱਡ ਕੇ, ਮੁਦੱਈ ਦੀ ਕਾਰ ਖੋਹ ਕੇ ਫਰਾਰ ਹੋ ਗਏ।

**ਮੁਕੱਦਮਾ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਤ ਗੈਂਗ ਦੇ ਮੈਂਬਰਾਂ/ਦੋਸ਼ੀਆਂ ਨਰੇਸ਼ ਕੁਮਾਰ ਪੁੱਤਰ ਸੱਤਪਾਲ ਵਾਸੀ ਰੇਲਵੇ ਕਰਾਸਿੰਗ ਸੀਤੋ ਰੋਡ ਅਬੋਹਰ, ਦੋਸ਼ੀ ਸੁਨੀਲ ਗੁਲੀਆ ਪੁੱਤਰ ਮੇਹਰ ਸਿੰਘ ਵਾਸੀ ਜਹਾਂਗੀਰਪੁਰ ਥਾਣਾ ਝੱਜਰ (ਹਰਿਆਣਾ), ਦੋਸ਼ੀ ਦੀਪਕ ਪੁੱਤਰ ਰਾਜ ਸਿੰਘ ਵਾਸੀ ਰਾਖੀ ਥਾਣਾ ਨਾਰਨੌਲ, ਦੋਸ਼ੀ ਰਾਹੁਲ ਕੁਮਾਰ ਉਰਫ ਟਿੰਕੂ ਪੁੱਤਰ ਹੁਕਮ ਚੰਦ ਵਾਸੀ ਸਵਾਦ ਥਾਣਾ ਕਨਝਾਵਾਲਾ ਦਿੱਲੀ ਅਤੇ ਦੋਸ਼ੀ ਕ੍ਰਿਸ਼ਨ ਗੁਲੀਆ ਪੁੱਤਰ ਰਾਜ ਕੁਮਾਰ ਵਾਸੀ ਪਿੰਡ ਨਿਮਾਣਾ ਥਾਣਾ ਝੱਜਰ (ਹਰਿਆਣਾ) ਨੂੰ ਦਿੱਲੀ ਤੋਂ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 05 ਪਿਸਟਲ .32ਬੋਰ ਸਮੇਤ 100 ਕਾਰਤੂਸ, 05 ਪਿਸਟਲ .315 ਬੋਰ ਸਮੇਤ 12 ਕਾਰਤੂਸ, 01 ਰਾਈਫਲ .315 ਸਮੇਤ 01 ਕਾਰਤੂਸ, 01 ਰਾਈਫਲ 12 ਬੋਰ ਸਮੇਤ 01 ਕਾਰਤੂਸ, 01 ਪਿਸਟਲ .22 ਸਮੇਤ 05 ਕਾਰਤੂਸ ਬ੍ਰਾਮਦ ਕੀਤੇ ਗਏ। ਮੁਕੱਦਮਾ ਨੰਬਰ 430 ਮਿਤੀ 30.12.16 ਅ/ਧ 307,427,506,34 ਹਿੰ:ਦੰ:, 25-54-59 ਅਸਲਾ ਐਕਟ ਥਾਣਾ ਜੀਰਕਪੁਰ ਅਤੇ ਮੁਕੱਦਮਾ ਨੰਬਰ 77 ਮਿਤੀ 06.09.17 ਅ/ਧ 302,148, 149,120ਬੀ ਹਿੰ:ਦੰ:, 25/27-54-59 ਅਸਲਾ ਐਕਟ ਥਾਣਾ ਬਨੂੜ ਟ੍ਰੇਸ ਕੀਤੇ ਗਏ। ਉਕਤ ਦੋਸ਼ੀਆਂ ਦੇ ਖਿਲਾਫ ਵੱਖ-ਵੱਖ ਸਟੇਟਾਂ ਵਿੱਚ ਹੋਰ ਵੀ ਕਈ ਸੰਗੀਨ ਜੁਰਮ ਦਰਜ ਹਨ।**

19) **ਮੁਕੱਦਮਾ ਨੰਬਰ 176 ਮਿਤੀ 11.09.17 ਅ/ਧ 379ਏ,34 ਹਿੰ:ਦੰ: ਥਾਣਾ ਲਾਲੜੂ।**

ਉਕਤ ਮੁਕੱਦਮਾ ਮਨਜੀਤ ਸਿੰਘ ਅਸਿਸਟੈਂਟ ਮੈਨੇਜਰ ਨੈਕਟਰ ਲਾਈਫ ਸਾਇੰਸ ਲਿਮ: ਸੈਦਪੁਰ ਵੱਲੋਂ 03 ਨਾ-ਮਲੂਮ ਵਿਅਕਤੀਆਂ ਦੇ ਵਿਰੁੱਧ ਦਰਜ ਹੋਇਆ ਕਿ ਮੁਦੱਈ ਨੈਕਟਰ ਲਾਈਫ ਸਾਇੰਸ ਲਿਮ: ਸੈਦਪੁਰ ਵਿਖੇ ਮੈਨੇਜਰ ਦੀ ਨੌਕਰੀ ਕਰਦਾ ਹੈ, ਮੁਦੱਈ ਨੇ ਮਿਤੀ 09.09.17 ਨੂੰ ਕੈਂਟਰ ਨੰਬਰ ਐਚ.ਆਰ-37ਸੀ-7913 ਜਿਸ ਦੇ ਡਰਾਈਵਰ ਪਲਵਿੰਦਰ ਸਿੰਘ ਅਤੇ ਗੁਰਦੇਵ ਸਿੰਘ ਹਨ ਨੂੰ ਕੈਮੀਕਲ ਦੀਆਂ ਦਵਾਈਆਂ ਭਰਕੇ ਦਿੱਲੀ ਭੇਜਿਆ ਸੀ। ਲਹਿਲੀ ਨਦੀ ਦੇ ਨੇੜੇ 03 ਨਾ-ਮਲੂਮ ਵਿਅਕਤੀਆਂ ਨੇ ਕੈਂਟਰ ਖੋਹ ਲਿਆ ਅਤੇ ਡਰਾਈਵਰ ਨੂੰ ਕਾਬੂ ਕਰ ਲਿਆ।

**ਮੁਕੱਦਮਾ ਵਿੱਚ ਦੋਸ਼ੀਆਂ ਗੁਰਵਿੰਦਰ ਸਿੰਘ, ਲਖਵਿੰਦਰ ਸਿੰਘ, ਪਿੰਟੂ ਸ਼ਰਮਾ, ਅਨਿਲ ਕੁਮਾਰ, ਸਤਵੀਰ ਸ਼ਰਮਾ ਅਤੇ ਗੁਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ ਖੋਹ ਕੀਤਾ ਹੋਇਆ ਕੈਂਟਰ ਸਮੇਤ ਕੈਮੀਕਲ ਬ੍ਰਾਮਦ ਕਰਵਾਇਆ।**

20) **ਮੁਕੱਦਮਾ ਨੰਬਰ 413 ਮਿਤੀ 02.12.17 ਅ/ਧ 25/54/59 ਅਸਲਾ ਐਕਟ ਥਾਣਾ ਜੀਰਕਪੁਰ।**

ਉਕਤ ਮੁਕੱਦਮਾ ਵਿੱਚ ਸ:ਥਾ: ਮਨੋਹਰ ਲਾਲ ਨੇ ਦੋਸ਼ੀਆਂ ਤਲੀਸ ਪੁੱਤਰ ਰਹਿਮਾਨ ਵਾਸੀ ਰਜਿੰਦਰਾ ਅਪਾਰਟਮੈਂਟ ਜੀਰਕਪੁਰ, ਅਕਾਸ਼ ਪੁੱਤਰ ਰੋਹਤਾਸ ਅਤੇ ਸਾਗਰ ਸ਼ਰਮਾ ਪੁੱਤਰ ਕਮਲ ਸ਼ਰਮਾ ਵਾਸੀਆਂਨ ਰਾਮ ਦਰਬਾਰ ਚੰਡੀਗੜ੍ਹ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋ 315 ਬੋਰ ਰਾਈਫਲ, 07 ਜਿੰਦਾ ਰੌਂਦ, 01 ਦੇਸੀ ਕੱਟਾ, 01 ਕੱਟਾ 32 ਬੋਰ ਅਤੇ 05 ਜਿੰਦਾ ਰੌਂਦ ਬ੍ਰਾਮਦ ਕੀਤੇ।

21) **ਮੁਕੱਦਮਾ ਨੰਬਰ 138 ਮਿਤੀ 10.08.17 ਅ/ਧ 18-61-85 ਐਨ.ਡੀ.ਪੀ.ਐਸ. ਐਕਟ ਥਾਣਾ ਸਦਰ ਖਰੜ।**

ਉਕਤ ਮੁਕੱਦਮਾ ਵਿੱਚ ਦੋਸ਼ੀ ਚੋਖਾ ਰਾਮ ਪੁੱਤਰ ਧੀਰ ਰਾਮ ਵਾਸੀ ਨਵਾਂ ਬਟੜੂ (ਰਾਜਸਥਾਨ) ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 01 ਕਿੱਲੋਗ੍ਰਾਮ ਅਫੀਮ ਬ੍ਰਾਮਦ ਕੀਤੀ ਗਈ।

22) **ਮੁਕੱਦਮਾ ਨੰਬਰ 39 ਮਿਤੀ 25.03.17 ਅ/ਧ 21/22/25/29-61-85 ਐਨ.ਡੀ.ਪੀ.ਐਸ.ਐਕਟ ਥਾਣਾ ਮਟੌਰ।**

ਉਕਤ ਮੁਕੱਦਮਾ ਵਿੱਚ ਦੋਸ਼ੀਆਂ ਅਮਰਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਲਾਂਡਰਾਂ, ਰਾਜਵੰਤ ਕੌਰ ਪਤਨੀ ਰਾਮ ਪ੍ਰਕਾਸ਼, ਸਿਮਰਜੀਤ ਕੌਰ ਪਤਨੀ ਅਮਰਜੀਤ ਸਿੰਘ ਵਾਸੀਆਂਨ ਮਕਾਨ ਨੰ: 88 ਅਜਾਦ ਨਗਰ ਬਲੌਂਗੀ ਅਤੇ ਨਾਵਾ ਬੁਏਜੇ ਪੁੱਤਰ ਅਨੀਗਰ ਵਾਸੀ ਆਗੂਵੀਆ ਇੱਗੋਨਾਈ ਸਟੇਟ ਨਾਈਜੀਰੀਆ, ਹੈਲਿਨਾ ਪਤਨੀ ਸਟੀਫ ਵਾਸੀ ਜੁਗਾਡਾ ਹਾਲ ਵਾਸੀਆਂਨ ਦਿੱਲੀ, ਓਸਟਾ ਓਗਾਵੋਨਾ ਵਾਸੀ ਮਕਾਨ ਨੰ: 92 ਸੰਤ ਨਗਰ ਦਿੱਲੀ ਨੂੰ ਗ੍ਰਿਫਤਾਰ ਕਰਕੇ 03 ਕਿੱਲੋ ਹੈਰੋਇੰਨ ਸਮੇਤ ਆਇ-20 ਕਾਰ ਬ੍ਰਾਮਦ ਕੀਤੀ ਗਈ।

23). **ਮੁਕੱਦਮਾ ਨੰਬਰ 141 ਮਿਤੀ 03.08.17 ਅ/ਧ 21/29-61-85 ਐਨ.ਡੀ.ਪੀ.ਐਸ.ਐਕਟ ਥਾਣਾ ਕੁਰਾਲੀ।**

ਉਕਤ ਮੁਕੱਦਮਾ ਵਿੱਚ ਦੋਸ਼ੀਆਂ ਨਾਇਗਾ ਮੋਰੀਅਨ ਪਤਨੀ ਗੌਡਵਿੰਨ ਨੈਕਵੈਨਕੋ ਵਾਸੀ ਨਾਈਜੀਆ ਹਾਲ ਵਾਸੀ ਦਿੱਲੀ ਅਤੇ ਜਸਵਿੰਦਰ ਸਿੰਘ ਪੁੱਤਰ ਕਿਸ਼ਨ ਚੰਦ ਵਾਸੀ ਪੁਰਾਣੀ ਸੰਨੀ ਇੰਨਕਲੇਵ ਖਰੜ ਨੂੰ ਗ੍ਰਿਫਤਾਰ ਕਰਕੇ 135 ਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ ਗਈ।

24) **ਮੁਕੱਦਮਾ ਨੰਬਰ 58 ਮਿਤੀ 12.08.17 ਅ/ਧ 21-61-85 ਐਨ.ਡੀ.ਪੀ.ਐਸ.ਐਕਟ ਥਾਣਾ ਨਵਾਂ ਗਰਾਂਓ।**

ਉਕਤ ਮੁਕੱਦਮਾ ਵਿੱਚ ਦੋਸ਼ੀਆਂ ਗੁਰਚਰਨ ਸਿੰਘ ਉਰਫ ਬੰਟੀ ਪੁੱਤਰ ਸੁਰਿੰਦਰ ਸਿੰਘ ਵਾਸੀ ਰਾਮ ਤੀਰਥ ਰੋਡ ਪਿੰਡ ਮਾਹਲ ਜਿਲ੍ਹਾ ਅੰਮ੍ਰਿਤਸਰ ਅਤੇ ਗੁਰਜੀਤ ਸਿੰਘ ਉਰਫ ਜੀਤਾ ਪੁੱਤਰ ਜਗਮੋਹਣ ਸਿੰਘ ਵਾਸੀ ਪਿੰਡ ਬੋਪਾਰਾਏ ਬਾਜ ਥਾਣਾ ਲੋਪੋਕੇ ਜਿਲ੍ਹਾ ਅੰਮ੍ਰਿਤਸਰ ਨੂੰ ਗ੍ਰਿਫਤਾਰ ਕਰਕੇ 01 ਕਿੱਲੋਗ੍ਰਾਮ ਹੈਰੋਇੰਨ ਬ੍ਰਾਮਦ ਕੀਤੀ ਗਈ।

25) **ਮੁਕੱਦਮਾ ਨੰਬਰ 362 ਮਿਤੀ 26.10.17 ਅ/ਧ 13-ਏ/3/67 ਜੂਆ ਥਾਣਾ ਜ਼ੀਰਕਪੁਰ।**

ਉਕਤ ਮੁਕੱਦਮਾ ਵਿੱਚ ਸ:ਥਾਣੇ ਨਾਥੀ ਰਾਮ ਨੇ ਦੋਸ਼ੀ ਸੰਜੈ ਅਰੋੜਾ ਪੁੱਤਰ ਅਮਰਨਾਥ ਵਾਸੀ ਮਕਾਨ ਨੰਬਰ 206 ਬਸੰਤ ਵਿਹਾਰ ਫੇਸ-2 ਢਕੋਲੀ, ਜ਼ੀਰਕਪੁਰ,ਮਿਲਾਪ ਚੰਦ ਪੁੱਤਰ ਲੱਖਾ ਰਾਮ ਵਾਸੀ ਪਿੰਡ ਮਾਲਗ ਥਾਣਾ ਬਬਾਰਨਾ ਜਿਲ੍ਹਾ ਕਾਂਗੜਾ ਹਾਲ ਵਾਸੀ ਪਿੰਡ ਸਾਰੰਗਪੁਰ,ਲਾਲ ਜੀ ਪੁੱਤਰ ਰਾਮ ਪਿਆਰੇ ਵਾਸੀ ਮੁਹੱਲਾ ਸਾਈਂਗੰਜ ਥਾਣਾ ਮੋਦੀ ਸਰਾਂ ਯੂ.ਪੀ. ਹਾਲ ਪਿੰਡ ਸਿੰਗਾਰੀ ਵਾਲਾ ਥਾਣਾ ਮੁਲਾਂਪੁਰ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋ 3 ਲੱਖ ਰੁਪਏ ਬ੍ਰਾਮਦ ਕੀਤੇ।

26) **ਮੁਕੱਦਮਾ ਨੰਬਰ 99 ਮਿਤੀ 20.12.17 ਅ/ਧ 03,07 ਆਫੀਸ਼ੀਅਲ ਐਕਟ ਅਤੇ 451 ਹਿੰ:ਦੰ: ਥਾਣਾ ਮੁੱਲਾਂਪੁਰ ਗਰੀਬਦਾਸ।**

ਉਕਤ ਮੁਕੱਦਮਾ ਵਿੱਚ ਦੋਸ਼ੀ ਕੈਲਾਸ਼ ਨਾਥ ਤਿਵਾੜੀ ਪੁੱਤਰ ਜੋਗਿੰਦਰ ਨਾਥ ਤਿਵਾੜੀ ਵਾਸੀ ਪਿੰਡ ਗਹਿਲਾ ਥਾਣਾ ਇਕੋਨਾ, ਜਿਲ੍ਹਾ ਅਰਾਵਸਤੀ (ਯੂ.ਪੀ) ਨੂੰ ਏਅਰ ਫੋਰਸ ਸਟੇਸ਼ਨ ਏਰੀਆ ਮੁੱਲਾਂਪੁਰ ਦੇ ਅੰਦਰ ਸ਼ੱਕੀ ਹਾਲਤ ਵਿੱਚ ਘੁੰਮਦੇ ਹੋਏ ਗ੍ਰਿਫਤਾਰ ਕੀਤਾ ਗਿਆ।

27) **ਮੁਕੱਦਮਾ ਨੰਬਰ 428 ਮਿਤੀ 15.12.17 ਅ/ਧ 13ਏ/3/67 ਜੂਆ ਐਕਟ ਥਾਣਾ ਜੀਰਕਪੁਰ।**

ਉਕਤ ਮੁਕੱਦਮਾ ਵਿੱਚ ਥਾਣੇਦਾਰ ਸਤਿੰਦਰ ਸਿੰਘ ਨੇ ਦੋਸ਼ੀਆਂ ਹਰਿੰਦਰ ਸਿੰਘ ਪੁੱਤਰ ਬ੍ਰਿਜ ਪਾਲ, ਰਣਜੀਤ ਗਿਰ ਪੁੱਤਰ ਮਦਨ ਗਿਰ, ਸੁਲਤਾਨ ਮੁਹੰਮਦ ਪੁੱਤਰ ਫਕੀਰ ਮੁਹੰਮਦ, ਬਿਪਲਵ ਰੇਅ ਪੁੱਤਰ ਸਮਰਾਸ ਰੇਅ, ਮਨੋਜ ਚਾਵਲਾ ਪੁੱਤਰ ਦਰਸ਼ਨ ਲਾਲ ਚਾਵਲਾ ਅਤੇ ਅਨਿਲ ਸਿੰਗਲਾ ਪੁੱਤਰ ਜੈ ਨਰਾਇਣ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 01,16,900/- ਰੁਪਏ ਬ੍ਰਾਮਦ ਕੀਤੇ।

28) **ਮੁਕੱਦਮਾ ਨੰਬਰ 440 ਮਿਤੀ 25.12.17 ਅ/ਧ 420 ਹਿੰ:ਦੰ: ਤੇ 61-1-14 ਆਬਕਾਰੀ ਐਕਟ ਥਾਣਾ ਜੀਰਕਪੁਰ।**

ਉਕਤ ਮੁਕੱਦਮਾ ਵਿੱਚ ਇੰਸ: ਪਵਨ ਕੁਮਾਰ ਨੇ ਦੋਸ਼ੀਆਂ ਅਜੇ ਗਰੋਵਰ ਪੁੱਤਰ ਮਨੋਹਰ ਲਾਲ, ਹਰਦੇਵ ਸਿੰਘ ਪੁੱਤਰ ਆਤਮਾ ਸਿੰਘ, ਮਨਦੀਪ ਸਿੰਘ ਪੁੱਤਰ ਪਰਵਿੰਦਰ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਗੁਰਚਰਨ ਸਿੰਘ ਅਤੇ ਮਨੀਸ਼ ਕੁਮਾਰ ਪੁੱਤਰ ਲੇਟ ਅਨੰਦ ਸਰੂਪ ਨੂੰ ਗ੍ਰਿਫਤਾਰ ਕਰਕੇ ਉਹਨਾਂ ਵਲੋਂ ਗਡਾਊਨ ਏਰੀਆ ਜੀਰਕਪੁਰ

ਵਿਖੇ ਲਗਾਈ ਗਈ ਜਾਅਲੀ ਫੈਕਟਰੀ ਵਿੱਚੋਂ 66,10,000 ਮਿਲੀਲੀਟਰ ਸ਼ਰਾਬ ਅਤੇ 4,00,000 ਮਿਲੀਲਿਟਰ ਸਪਰਿਟ ਬ੍ਰਾਮਦ ਕੀਤੀ।

29) **ਮੁਕੱਦਮਾ ਨੰਬਰ 100 ਮਿਤੀ 11.11.17 ਅ/ਧ 363,366ਏ ਹਿੰ:ਦੰ: (ਵਾਧਾ ਜੁਰਮ 302,201 ਹਿੰ:ਦੰ:) ਥਾਣਾ ਫੇਸ-8 ਮੋਹਾਲੀ।**

ਉਕਤ ਮੁਕੱਦਮਾ ਰਤਨ ਪੁੱਤਰ ਪ੍ਰੇਮ ਰਾਜ ਵਾਸੀ ਪਿੰਡ ਅਲੀਪੁਰ ਗੁਜਰੋ ਉਰਫ ਬੜਾ ਗਾਉ ਥਾਣਾ ਨਣੀਆ ਠੇਰ ਜਿਲ੍ਹਾ ਸੰਬਲ (ਯੂ.ਪੀ) ਵੱਲੋਂ ਨਾ-ਮਲੂਮ ਵਿਅਕਤੀ ਦੇ ਵਿਰੁੱਧ ਦਰਜ ਹੋਇਆ ਕਿ ਮੁਦੱਈ ਦੀ ਲੜਕੀ ਜੋਤੀ ਉਮਰ ਕਰੀਬ 17 ਸਾਲ ਕੋਠੀ ਨੰ: 1612 ਸੈਕਟਰ-69 ਮੋਹਾਲੀ ਵਿੱਚ ਬੱਚਿਆਂ ਦੀ ਦੇਖ-ਭਾਲ ਦਾ ਕੰਮ ਕਰਦੀ ਸੀ, ਜੋ ਮਿਤੀ 09.11.17 ਨੂੰ ਕੰਮ ਤੇ ਗਈ ਸੀ, ਪਰ ਵਾਪਸ ਨਹੀਂ ਆਈ। ਮੁਦੱਈ ਨੂੰ ਸ਼ੱਕ ਹੈ ਕਿ ਉਸ ਦੀ ਲੜਕੀ ਨੂੰ ਕੋਈ ਨਾ-ਮਲੂਮ ਵਿਅਕਤੀ ਵਰਗਲਾ ਕੇ ਵਿਆਹ ਦਾ ਝਾਂਸਾ ਦੇ ਕੇ ਆਪਣੇ ਨਾਲ ਲੈ ਗਿਆ। ਬਾਅਦ ਵਿੱਚ ਲੜਕੀ ਦੀ ਲਾਸ਼ ਮਿਲਣ ਤੇ ਜੁਰਮ ਵਿੱਚ ਵਾਧਾ ਕੀਤਾ ਗਿਆ।

**ਮੁਕੱਦਮਾ ਵਿੱਚ ਦੋਸ਼ਣਾਂ ਸ਼ੀਲਾ ਪਤਨੀ ਰਾਮ ਨਿਵਾਸ, ਪੂਜਾ ਪੁੱਤਰੀ ਰਾਮ ਨਿਵਾਸ ਵਾਸੀਆਂਨ ਯੂ.ਪੀ. ਹਾਲ ਵਾਸੀਆਂਨ ਪਿੰਡ ਮਟੌਰ ਅਤੇ ਦੋਸ਼ੀ ਮੱਖਣ ਦੀਵਾਨ ਪੁੱਤਰ ਗਰੀਬ ਦੀਵਾਨ ਵਾਸੀ ਬਿਹਾਰ ਹਾਲ ਵਾਸੀ ਪਿੰਡ ਮਟੌਰ ਨੂੰ ਮਿਤੀ 09.01.18 ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਟ੍ਰੇਸ ਕੀਤਾ ਗਿਆ।**

30) **ਮੁਕੱਦਮਾ ਨੰਬਰ 02 ਮਿਤੀ 03.01.18 ਅ/ਧ 302,34 ਹਿੰ:ਦੰ: ਥਾਣਾ ਬਲੌਂਗੀ।**

ਉਕਤ ਮੁਕੱਦਮਾ ਰਣਧੀਰ ਸਿੰਘ ਪੁੱਤਰ ਮੇਹਰ ਸਿੰਘ ਵਾਸੀ ਪਿੰਡ ਹੁਸੈਨਪੁਰ ਥਾਣਾ ਬਲੌਂਗੀ ਵੱਲੋਂ ਨਾ-ਮਲੂਮ ਵਿਅਕਤੀਆਂ ਦੇ ਵਿਰੁੱਧ ਦਰਜ ਹੋਇਆ ਕਿ ਮੁਦੱਈ ਆਪਣੇ ਘਰ ਤੋਂ ਖੇਤਾਂ ਵੱਲ ਸੈਰ ਕਰਨ ਜਾ ਰਿਹਾ ਸੀ ਤਾਂ ਰਸਤੇ ਵਿੱਚ ਬਾਜਵਾ ਡਿਵੈਲਪਰਜ਼ ਸੈਕਟਰ-123 ਦੇ ਪਲਾਟਾਂ ਵਿੱਚ ਇੱਕ ਅਜਨਵੀ ਨੌਜਵਾਨ ਉਮਰ ਕਰੀਬ 25-30 ਸਾਲ ਦੀ ਲਾਸ਼ ਪਈ ਸੀ। ਜਿਸ ਦੇ ਸਰੀਰ ਪਰ ਤੇਜਧਾਰ ਹਥਿਆਰ ਦੇ ਨਿਸ਼ਾਨ ਸਨ। ਜਿਸ ਦਾ ਕਿਸੇ ਨਾ-ਮਲੂਮ ਵਿਅਕਤੀਆਂ ਨੇ ਕਤਲ ਕੀਤਾ ਲੱਗਦਾ ਹੈ।

**ਮੁਕੱਦਮਾ ਵਿੱਚ ਦੋਸ਼ੀ ਮੁਹੰਮਦ ਗੁਲਜਾਰ ਪੁੱਤਰ ਮੁਹੰਮਦ ਨਸੀਮ ਹਾਲ ਵਾਸੀ ਗੁਰਦੁਆਰਾ ਸਾਹਿਬ ਬਡਹੇੜੀ (ਚੰਡੀਗੜ੍ਹ), ਦੋਸ਼ਣ ਸੁਬਾਨਾ ਪਤਨੀ ਅਬਦੁਲ ਕਿਉਮ ਹਾਲ ਵਾਸੀ ਪਿੰਡ ਜੰਡਪੁਰ ਅਤੇ ਸ਼ਬਨਮ ਪੁੱਤਰੀ ਮੁਸਤਾਖ ਵਾਸੀ ਗਾਜੀਆਬਾਦ (ਯੂ.ਪੀ) ਨੂੰ ਮਿਤੀ 06.01.18 ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਟ੍ਰੇਸ ਕੀਤਾ ਗਿਆ।**

31) **ਮੁਕੱਦਮਾ ਨੰਬਰ 39 ਮਿਤੀ 04.02.18 ਅ/ਧ 382 ਹਿੰ:ਦੰ: ਥਾਣਾ ਜੀਰਕਪੁਰ।**

ਉਕਤ ਮੁਕੱਦਮਾ ਤ੍ਰਿਸ਼ਾਲ ਚੋਪੜਾ ਪੁੱਤਰ ਵਿਕਰਮ ਚੋਪੜਾ ਵਾਸੀ ਮਕਾਨ ਨੰ: 655 ਸੈਕਟਰ-34 ਚੰਡੀਗੜ੍ਹ ਵੱਲੋਂ ਨਾ-ਮਲੂਮ ਵਿਅਕਤੀ/ਵਿਅਕਤੀਆਂ ਦੇ ਖਿਲਾਫ ਦਰਜ ਰਜਿਸਟਰ ਹੋਇਆ ਕਿ ਵੈਸਟਵੁੱਡ ਪੈਲੇਸ ਢਕੋਲੀ ਦੇ ਬਾਹਰ ਤੋਂ 02 ਨਾ-ਮਲੂਮ ਵਿਅਕਤੀ ਮੁਦੱਈ ਦੀ ਫਾਰਚਿਊਨਰ ਗੱਡੀ ਦੇ ਡਰਾਈਵਰ ਰਾਹੁਲ ਨੂੰ ਕੋਈ ਹਥਿਆਰ ਨੁਮਾ ਚੀਜ਼ ਦਿਖਾ ਕੇ ਫਾਰਚਿਊਨਰ ਗੱਡੀ ਨੰਬਰ ਸੀ.ਐਚ-01-ਏ.ਏ-0044 ਖੋਹ ਕੇ ਲੈ ਗਏ।

**ਉਕਤ ਮੁਕੱਦਮਾ ਵਿੱਚ ਦੋਸ਼ੀਆਂ ਅਜੇਪਾਲ ਪੁੱਤਰ ਸਲਵਿੰਦਰ ਸਿੰਘ, ਹਰਸਿਮਰਨ ਉਰਫ ਸਿਮਰਨ ਪੁੱਤਰ ਤਜਿੰਦਰ ਸਿੰਘ ਅਤੇ ਅਰਸ਼ਦੀਪ ਉਰਫ ਅਰਸ਼ ਪੁੱਤਰ ਮਨਜੀਤ ਸਿੰਘ ਨੂੰ ਮਿਤੀ 08.02.18 ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 02 ਪਿਸਟਲ 32 ਬੋਰ ਦੇਸੀ ਸਮੇਤ 03-03 ਰੌਂਦ ਜਿੰਦਾ, 01 ਪਿਸਟਲ 315 ਬੋਰ ਦੇਸੀ ਕੱਟਾ ਸਮੇਤ 03 ਰੌਂਦ ਅਤੇ ਖੋਹ ਕੀਤੀ ਹੋਈ ਫੋਰਚਿਊਨਰ ਗੱਡੀ ਜਿਸ ਪਰ ਜਾਅਲੀ ਨੰ: ਚੀ.ਐਚ-03-ਕੇ-7814 ਲਗਾਇਆ ਹੋਇਆ ਸੀ ਬ੍ਰਾਮਦ ਕੀਤੇ ਅਤੇ ਵਾਰਦਾਤ ਕਰਨ ਵੇਲੇ ਵਰਤੀ ਸਕਾਰਪੀਓ ਗੱਡੀ ਨੰ: ਪੀ.ਬੀ-29-ਵੀ-9297 ਵੀ ਬ੍ਰਾਮਦ ਕੀਤੀ। ਇਸ ਤੋਂ ਬਾਅਦ ਮਿਤੀ 09.02.18 ਨੂੰ ਦੋਸ਼ੀ ਬੂਟਾ ਸਿੰਘ ਪੁੱਤਰ ਗੁਰਚਰਨ ਸਿੰਘ ਦੇ ਘਰ ਦੇ ਅੱਗੇ ਖੜ੍ਹੀ ਫੋਰਚਿਊਨਰ ਗੱਡੀ ਬਿਨਾ ਨੰਬਰੀ ਰੰਗ ਚਿੱਟਾ, ਮਿਤੀ 11.02.18 ਨੂੰ ਦਿਲਰਾਜ ਸਿੰਘ ਪੁੱਤਰ ਅਮਰਜੀਤ ਸਿੰਘ ਦੇ ਕਬਜਾ ਵਿੱਚੋਂ ਫਾਰਚਿਊਨਰ ਗੱਡੀ ਨੰ: ਪੀ.ਬੀ-10.ਡੀ.ਟੀ-1515 ਰੰਗ ਚਿੱਟਾ , ਮਿਤੀ 12.02.18 ਦੋਸ਼ੀ ਹਰਸਿਮਰਨ ਸਿੰਘ ਉਰਫ ਸਿਮਰਨ ਦੀ ਨਿਸ਼ਾਨਦੇਹੀ ਪਰ ਰੇਲਵੇ ਸਟੇਸ਼ਨ ਮੋਹਾਲੀ ਦੀ ਪਾਰਕਿੰਗ ਵਿੱਚੋਂ ਇੱਕ ਬਿਨਾ ਨੰਬਰੀ ਇਨੋਵਾ ਗੱਡੀ ਰੰਗ ਗਰੇਅ ਅਤੇ ਨਾਲ ਖੜ੍ਹਾ ਬੋਲਟ ਮੋਟਰ ਸਾਈਕਲ ਪੀ.ਬੀ-65-784 ਵੀ ਬ੍ਰਾਮਦ ਕੀਤੇ, ਮਿਤੀ 11.02.18 ਨੂੰ ਦੋਸ਼ੀ ਵਿਕਰਮ ਸਿੰਘ ਉਰਫ ਵਿੱਕੀ ਦੇ ਘਰ ਦੇ ਵਿਹੜੇ ਵਿੱਚ ਖੜ੍ਹੀ ਵਰਨਾ ਗੱਡੀ ਪੀ.ਬੀ-10-ਈ.ਆਰ-4946 ਬ੍ਰਾਮਦ ਕੀਤੀ। ਦੋਸ਼ੀ ਰਣਜੀਤ ਸਿੰਘ ਪੁੱਤਰ ਅਮਰੀਕ ਸਿੰਘ ਨੂੰ ਮਿਤੀ 10.02.18 ਅਤੇ ਦੋਸ਼ੀ ਦਿਲਰਾਜ ਸਿੰਘ ਨੂੰ ਮਿਤੀ 11.02.18 ਨੂੰ ਗ੍ਰਿਫਤਾਰ ਕੀਤਾ ਗਿਆ।**

32) **ਮੁਕੱਦਮਾ ਨੰਬਰ 20 ਮਿਤੀ 02.02.18 ਅ/ਧ 25-54-59 ਅਸਲਾ ਐਕਟ ਥਾਣਾ ਡੇਰਾਬੱਸੀ।**

ਉਕਤ ਮੁਕੱਦਮਾ ਵਿੱਚ ਸ:ਥ: ਰਾਕੇਸ਼ ਕੁਮਾਰ ਨੇ ਦੋਸ਼ੀਆਂ ਛੋਟੇ ਲਾਲ ਰਠੌਰ ਪੁੱਤਰ ਰਾਮਜੀ ਲਾਲ ਵਾਸੀ ਪਿੰਡ ਸੁੰਡਰਾਂ ਰੋਡ ਮੁਬਾਰਕਪੁਰ ਅਤੇ ਲੱਖਣ ਰਾਮ ਉਰਫ ਸਿੰਗਾਰਾ ਪੁੱਤਰ ਬਾਵਾ ਰਾਮ ਵਾਸੀ ਮੁਬਾਰਕਪੁਰ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 02 ਦੇਸੀ ਕੱਟੇ 315 ਬੋਰ ਸਮੇਤ 04 ਰੌਂਦ ਬ੍ਰਾਮਦ ਕੀਤੇ।

33) **ਮੁਕੱਦਮਾ ਨੰਬਰ 23 ਮਿਤੀ 06.02.18 ਅ/ਧ 61-1-14 ਆਬਕਾਰੀ ਐਕਟ ਥਾਣਾ ਡੇਰਾਬੱਸੀ।**

ਉਕਤ ਮੁਕੱਦਮਾ ਵਿੱਚ ਹੌਲਦਾਰ ਹਰਨੇਕ ਸਿੰਘ ਨੇ ਦੋਸ਼ੀ ਮੁਹੰਮਦ ਅਸਲਮ ਪੁੱਤਰ ਮੁਹੰਮਦ ਯਾਮੀਨ ਵਾਸੀ ਸਰਸਵਤੀ ਵਿਹਾਰ ਡੇਰਾਬੱਸੀ ਨੂੰ ਗ੍ਰਿਫਤਾਰ ਕਰਕੇ ਉਸ ਦੀ ਕਾਰ ਨੰ: ਸੀ.ਐਚ-01-ਡਬਲਿਊ-4603 ਵਿੱਚੋਂ 11 ਪੇਟੀਆਂ ਸ਼ਰਾਬ ਮਾਰਕਾ ਆਫੀਸਰ ਚੁਆਇਸ for Sale in Chandigarh ਬ੍ਰਾਮਦ ਕੀਤੀਆਂ।

34) **ਮੁਕੱਦਮਾ ਨੰਬਰ 05 ਮਿਤੀ 01.02.18 ਅ/ਧ 13ਏ-3-67 ਜੂਆ ਐਕਟ ਥਾਣਾ ਮੁੱਲਾਂਪੁਰ।**

ਉਕਤ ਮੁਕੱਦਮਾ ਵਿੱਚ ਸ:ਥ: ਸੱਤਪਾਲ ਸਿੰਘ ਨੇ ਦੋਸ਼ੀਆਂ ਬਲਵੀਰ ਕੁਮਾਰ ਪੁੱਤਰ ਰਾਮ ਕੁਮਾਰ, ਅਨਿਲ ਕੁਮਾਰ ਪੁੱਤਰ ਬਨਾਰਸੀ ਦਾਸ, ਫਰਾਜ ਪੁੱਤਰ ਮੁਹੰਮਦ ਅਲੀ, ਰਾਕੇਸ਼ ਕੁਮਾਰ ਪੁੱਤਰ ਰਾਮ ਰਾਜ, ਰਜਿੰਦਰ ਕੁਮਾਰ ਪੁੱਤਰ ਰਾਮ ਨਿਹਾਲ ਅਤੇ ਰਮੇਸ਼ ਪੁੱਤਰ ਗੋਆ ਵਾਸੀਆਂਨ ਹਾਊਸਿੰਗ ਬੋਰਡ ਕਲੌਨੀ ਧਨਾਸ ਚੰਡੀਗੜ੍ਹ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 19150/- ਰੁਪਏ ਬ੍ਰਾਮਦ ਕੀਤੇ।

**35) ਮੁਕੱਦਮਾ ਨੰਬਰ 130 ਮਿਤੀ 17.05.18 ਅ/ਧ 302 ਹਿੰ:ਦੰ: ਥਾਣਾ ਡੇਰਾਬਸੀ ।**

ਉਕਤ ਮੁਕੱਦਮਾ ਮੁਜੀਬ ਰਹਿਮਾਨ ਪੁੱਤਰ ਸੂਰਮਲੀ ਵਾਸੀ ਪਿੰਡ ਰਜਾਪੁਰ ਜਿਲ੍ਹਾ ਬਿਜਨੌਰ ਵੱਲੋਂ ਨਾ ਮਲੂਮ ਵਿਅਕਤੀਆਂ ਦੇ ਵਿਰੁੱਧ ਦਰਜ ਕਰਾਇਆ ਕਿ ਮੁਦਈ ਦੇ ਭਰਾ ਅਨੀਸੁਰ ਰਹਿਮਾਨ ਦਾ ਮਿਤੀ 15/16-05-16 ਦੀ ਦਰਮਿਆਨੀ ਰਾਤਕਿਸੇ ਨਾ ਮਲੂਮ ਵਿਅਕਤੀ ਨੇ ਕਤਲ ਕਰਕੇ ਪਿੰਡ ਘੱਗਰ ਨੇੜੇ ਸੁੱਟ ਦਿੱਤਾ।

ਮੁਕੱਦਮਾ ਵਿੱਚ **ਦੋਸ਼ੀ ਰਾਮ ਕੁਮਾਰ ਉਰਫ ਸਰੋਜ ਪੁੱਤਰ ਛੇਦੀ ਲਾਲ ਵਾਸੀ ਪਿੰਡ ਅਹੇਠਾ ਥਾਣਾ ਉਦੇਪੁਰ ਜਿਲ੍ਹਾ ਪ੍ਰਤਾਪਗੜ੍ਹ ਹਾਲ ਮਕਾਨ ਨੰਬਰ 471 ਵਿਕਾਸ ਨਗਰ ਮੌਲੀ ਜੱਗਰਾਂ ਨੂੰ ਮਿਤੀ 19.05.18 ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਟਰੇਸ ਕੀਤਾ ਗਿਆ।**

**36) ਮੁਕੱਦਮਾ ਨੰਬਰ 36 ਮਿਤੀ 07.06.18 ਅ/ਧ 302,379-ਬੀ,148,149 ਹਿੰ:ਦੰ:, 25-54-59 ਅਸਲਾ ਐਕਟ ਥਾਣਾ ਨਵਾਂ ਗਰਾਂਓ।**

ਇਹ ਮੁਕੱਦਮਾ ਪ੍ਰੀਤਮ ਪੁੱਤਰ ਰਜਿੰਦਰ ਸਿੰਘ ਵਾਸੀ ਮਕਾਨ ਨੰਬਰ 977 ਜਨਤਾ ਕਲੋਨੀ ਨਵਾਂ ਗਰਾਂਓ ਵੱਲੋਂ ਅਕਾਸ਼, ਵਗੈਰਾ ਅਤੇ 02 ਨਾ-ਮਲੂਮ ਵਿਅਕਤੀਆਂ ਦੇ ਵਿਰੁੱਧ ਦਰਜ ਹੋਇਆ ਕਿ ਉਕਤਾਂਨ ਦੋਸ਼ੀਆਂ ਨੇ ਉਸ ਦੇ ਭਰਾ ਸੌਰਵ ਦੀ ਕੁੱਟ-ਮਾਰ ਕੀਤੀ, ਅਕਾਸ਼ ਨੇ ਸੌਰਵ ਦੇ ਗੋ਼ਲੀਆਂ ਮਾਰੀਆਂ ਤੇ ਦੀਪਕ ਨੇ ਸੌਰਵ ਦੇ ਗ਼ਲ ਵਿੱਚ ਪਾਈ ਚੈਨੀ, ਕੜਾ ਖੋਹ ਲਏ ਤੇ ਪਰਸ ਕੱਢ ਲਿਆ ਅਤੇ ਮੌਕਾ ਤੋਂ ਫਰਾਰ ਹੋ ਗਏ।

**ਮੁਕੱਦਮਾ ਵਿੱਚ ਦੋਸ਼ੀਆਂਨ ਰਿਸ਼ਵ ਉਰਫ ਓਦੂ ਪੁੱਤਰ ਸੁਨੀਲ ਕੁਮਾਰ ਵਾਸੀ ਮਕਾਨ ਨੰਬਰ 1910 ਸਫੈਦਾ ਕਲੌਨੀ ਨਵਾਂਗਰਾਂਓਂ ਅਤੇ ਅਰੁਨ ਗਾਗਟ ਉਰਫ ਨੋਨੀ ਪੁੱਤਰ ਰਾਮ ਕੁਮਾਰ ਵਾਸੀ ਮਕਾਨ ਨੰਬਰ 1038 ਜਨਤਾ ਕਲੌਨੀ ਨਵਾਂ ਗਰਾਂਓਂ ਨੂੰ ਮਿਤੀ 11.06.18 ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਵਾਰਦਾਤ ਵਿੱਚ ਵਰਤਿਆ ਪਿਸਟਲ .32 ਬੋਰ ਸਮੇਤ 02 ਜਿੰਦਾ ਰੌਂਦ ਬ੍ਰਾਮਦ ਕੀਤੇ ਮਿਤੀ 12.06.18 ਨੂੰ ਅਕਾਸ਼ ਸਿੰਘ ਪੁੱਤਰ ਕੀਲ ਸਿੰਘ ਵਾਸੀ ਮਕਾਨ ਨੰਬਰ 894 ਜਨਤਾ ਕਲੌਨੀ ਨਵਾਂ ਗਰਾਂਓਂ ਨੂੰ ਗ੍ਰਿਫਤਾਰ ਕੀਤਾ।**

**37) ਮੁਕੱਦਮਾ ਨੰ: 256 ਮਿਤੀ 03.07.18 ਅ/ਧ 365 ਹਿੰ:ਦੰ: ਥਾਣਾ ਜੀਰਕਪੁਰ ਵਾਧਾ ਜੁਰਮ ਅ/ਧ 302,201,120-ਬੀ,34 ਹਿੰ:ਦੰ:।**

ਮੁਦੱਈ ਦੇ ਲੜਕੇ ਅਦਿਤਿਆ ਨੇ ਡਰੀਮ ਹੋਮ ਏਵੀਏਸ਼ਨ ਸਰਵਿਸ ਜੀਰਕਪੁਰ ਦੇ ਦਫਤਰ ਨੌਕਰੀ ਲੱਗਣ ਬਾਰੇ ਦੋਸ਼ੀਆਂ ਅੰਮ੍ਰਿਤਪਾਲ ਸਿੰਘ ਵਗੈਰਾ ਨਾਲ ਫੋਨ ਪਰ ਗੱਲ ਕੀਤੀ। ਜਿਹਨਾਂ ਨੇ ਮੁਦੱਈ ਦੇ ਲੜਕੇ ਨੂੰ ਬੁਲਾ ਕੇ ਉਸ ਪਾਸੋਂ 80,000/- ਰੁਪਏ ਲੈ ਲਏ, ਤੇ ਮੁਦੱਈ ਦੇ ਬੇਟੇ ਨੂੰ ਅਗਵਾ ਕਰਕੇ ਗਾਇਬ ਕਰ ਦਿੱਤਾ। ਮੁਦੱਈ ਦੇ ਲੜਕੇ ਅਦਿੱਤਿਆ ਦੀ ਲਾਸ ਕਰਨਾਲ (ਹਰਿਆਣਾ) ਵਿੱਚ ਮਿਲਣ ਹਰਿਆਣਾ ਪੁਲਿਸ ਵਲੋਂ ਅ/ਧ 174 ਜਾਬਤਾ ਫੌਜਦਾਰੀ ਤਹਿਤ ਕਾਰਵਾਈ ਅਮਲ ਵਿੱਚ ਲਿਆਦੀ ਗਈ। ਥਾਣਾ ਜੀਰਕਪੁਰ ਵਿਖੇ ਅਗਵਾ ਦਾ ਮੁਕੱਦਮਾ ਦਰਜ ਹੋਣ ਕਾਰਨ ਮੁਦੱਈ ਦੇ ਲੜਕੇ ਦੀ ਸ਼ਨਾਖਤ ਉਸ ਦੀਆਂ ਫੋਟੋਆਂ ਤੋਂ ਕੀਤੀ ਗਈ।

**ਮੁਕੱਦਮਾ ਵਿੱਚ ਦੋਸ਼ੀਆਂ ਅੰਮ੍ਰਿਤਪਾਲ ਸਿੰਘ ਉਰਫ ਸੁੱਖਾ ਕਾਹਲੋਂ ਅਤੇ ਰਵਿੰਦਰ ਕੌਰ ਉਰਫ ਛਿੰਦਰਪਾਲ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਟ੍ਰੇਸ ਕੀਤਾ ਗਿਆ ਅਤੇ ਵਾਧਾ ਜੁਰਮ ਕੀਤਾ ਗਿਆ।**

**38) ਮੁਕੱਦਮਾ ਨੰਬਰ 121 ਮਿਤੀ 11.06.18 ਅ/ਧ 364,365,342,323,307,148,149 ਹਿੰ:ਦੰ:, 25-54-59 ਅਸਲਾ ਐਕਟ ਥਾਣਾ ਮਟੌਰ।**

ਇਹ ਮੁਕੱਦਮਾ ਵਰਿੰਦਰ ਸਿੰਘ ਪੁੱਤਰ ਜਗਸੀਰ ਸਿੰਘ ਹਾਲ ਵਾਸੀ ਮਕਾਨ ਨੰ: 3490 ਸੈਕਟਰ-71 ਮੋਹਾਲੀ ਵੱਲੋਂ ਰਮਨਦੀਪ ਸਿੰਘ, ਦਿਨੇਸ਼ ਕੁਮਾਰ, ਜਸਪ੍ਰੀਤ ਸਿੰਘ, ਸੁਖਵਿੰਦਰ ਸਿੰਘ ਅਤੇ ਸੁਖਦੀਪ ਸਿੰਘ ਵਾਸੀਆਂਨ ਮਕਾਨ ਨੰ: 1148 ਸੈਕਟਰ-77 ਮੋਹਾਲੀ ਦੇ ਖਿਲਾਫ ਦਰਜ ਰਜਿਸਟਰ ਹੋਇਆ ਕਿ ਮੁਦੱਈ ਮਿਤੀ 11.06.18 ਨੂੰ ਆਪਣੇ ਘਰ ਦੇ ਬਾਹਰ ਖੜ੍ਹਾ ਸੀ ਤਾਂ ਇੱਕ ਕਾਰ ਨੰਬਰ ਪੀ.ਬੀ-05-ਏ.ਐਚ-8055 ਆਈ ਤੇ ਉਸ ਨੂੰ ਟੱਕਰ ਮਾਰ ਦਿੱਤੀ ਤੇ 02 ਨਾ-ਮਲੂਮ ਮੋਟਰ ਸਾਈਕਲ ਪਰ ਆਏ ਅਤੇ ਮੁਦੱਈ ਨੂੰ ਜਬਰਦਸਤੀ ਕਾਰ ਵਿੱਚ ਸੁੱਟ ਲਿਆ, ਤੇਜਧਾਰ ਹਥਿਆਰਾਂ ਨਾਲ ਸੱਟਾਂ ਮਾਰੀਆਂ ਤੇ ਉਕਤ ਦੋਸ਼ੀਆਂ ਨੇ ਮੁਦੱਈ ਨੂੰ ਆਪਣੇ ਮਕਾਨ ਵਿੱਚ ਲਿਜਾ ਕੇ ਕਮਰੇ ਵਿੱਚ ਬੰਦ ਕਰ ਦਿੱਤਾ, ਕੁੱਟ ਮਾਰ ਕੀਤੀ ਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ।

**ਮੁਕੱਦਮਾ ਵਿੱਚ ਸੰਪਤ ਨਹਿਰਾ ਗੈਂਗ ਦੇ ਦੋਸ਼ੀਆਂਨ ਰਮਨਦੀਪ ਸਿੰਘ ਉਰਫ ਭਾਊ ਵਾਸੀ ਪਿੰਡ ਖੰਡੂਰ ਜਿਲ੍ਹਾ ਫਿਰੋਜਪੁਰ, ਸ਼ੁਭਨਵਦੀਪ ਸਿੰਘ ਉਰਫ ਸ਼ੁਭ ਵਾਸੀ ਪਿੰਡ ਮੰਡਿਆਣਾ ਜਿਲ੍ਹਾ ਅਮ੍ਰਿਤਸਰ, ਜਸਪ੍ਰੀਤ ਸਿੰਘ ਉਰਫ ਜੱਸੂ, ਗੁਰਵਿੰਦਰ ਸਿੰਘ ਉਰਫ ਗੂਰੀ ਵਾਸੀ ਪਿੰਡ ਕੇਸਰੀ ਜਿਲ੍ਹਾ ਅੰਬਾਲਾ ਅਤੇ ਦਿਨੇਸ਼ ਕੁਮਾਰ ਵਾਸੀ ਪਿੰਡ ਹਰਪਾਲੂ ਰਾਜਸਥਾਨ ਨੂੰ ਗ੍ਰਿਫਤਾਰ ਕਰਕੇ ਇੰਨ੍ਹਾਂ ਪਾਸੋਂ 02 ਪਿਸਟਲ .315 ਬੋਰ ਸਮੇਤ 10 ਜਿੰਦਾ ਰੌਂਦ ਅਤੇ 01 ਪਿਸਟਲ .32 ਬੋਰ ਸਮੇਤ 06 ਰੌਂਦ ਜਿੰਦਾ, ਇੱਕ ਕਿਰਪਾਨ ਅਤੇ ਉਕਤ ਵਾਰਦਾਤ ਵਿੱਚ ਵਰਤੀ ਕਾਰ ਆਈ-20 ਬ੍ਰਾਮਦ ਕੀਤੀ ।ਦੋਸ਼ੀਆਂ ਨੇ ਇੱਕ ਵਰਨਾ ਕਾਰ ਨੰਬਰ HR.01.A-5601 ਦੇਵੀ ਲਾਲ ਪਾਰਕ ਪੰਚਕੂਲਾ ਤੋਂਖੋਹੀ ਸੀ ਜਿਸ ਸਬੰਧੀ ਮੁਕੱਦਮਾ ਨੰਬਰ 294 ਮਿਤੀ 12.06.18 ਅ/ਧ 392 ਹਿੰ:ਦੰ: ਥਾਣਾ ਸੈਕਟਰ 5 ਪੰਚਕੂਲਾ ਦਰਜ ਹੋਇਆ।ਦੋਸ਼ੀਆਂ ਨੇ ਪਿੰਡ ਸਨੇਟਾ ਪੈਟਰੌਲ ਮੰਪ ਤੋਂ ਹਥਿਆਰਾਂ ਦੀ ਨੋਕ ਤੇ 60,000/- ਰੁਪਏ ਦੀ ਖੋਹ ਕੀਤੀ ਸੀ ਜਿਸ ਬਾਰੇ ਮੁਕੱਦਮਾ ਨੰਬਰ 120 ਮਿਤੀ 11.06.18 ਅ/ਧ 382 ਹਿੰਦੰ: ਥਾਣਾ ਸੋਹਾਣਾ ਦਰਜ ਹੋਇਆ ਸੀ।**

**39) ਮੁਕੱਦਮਾ ਨੰਬਰ 56 ਮਿਤੀ 15.06.18 ਅ/ਧ 363,366-ਏ ਹਿੰ:ਦੰ: ਥਾਣਾ ਬਲੌਂਗੀ।**

ਉਕਤ ਮੁਕੱਦਮਾ ਸੁਨੀਲ ਕੁਮਾਰ ਪੁੱਤਰ ਧੁੱਪ ਸਿੰਘ ਵਾਸੀ ਪਿੰਡ ਮਹਾਂਦੇਵ ਥਾਣਾ ਸਰਧਨਾ, ਜਿਲ੍ਹਾ ਮੇਰਠ ਹਾਲ ਵਾਸੀ ਅਜਾਦ ਨਗਰ ਬਲੌਂਗੀ ਵੱਲੋਂ ਨਾ-ਮਲੂਮ ਵਿਅਕਤੀ ਦੇ ਵਿਰੁੱਧ ਦਰਜ ਹੋਇਆ ਕਿ ਮਿਤੀ 14.06.18 ਨੂੰ ਮੁਦੱਈ ਦੀ ਲੜਕੀ ਤਮੰਨਾ ਉਮਰ ਕਰੀਬ 13 ਸਾਲ ਨੂੰ ਵਰਗਲਾ ਕੇ ਫੁਸਲਾ ਕੇ ਆਪਣੇ ਨਾਲ ਲੈ ਗਿਆ।

**ਮੁਕੱਦਮਾ ਵਿੱਚ ਦੋਸ਼ੀ ਰਣਦੀਪ ਕੁਮਾਰ ਪੁੱਤਰ ਕੁਲਦੀਪ ਸਿੰਘ ਵਾਸੀ ਮਕਾਨ ਨੰਬਰ 154 ਗੋਬਿੰਦ ਨਗਰ ਅਸਲਾਮਾਬਾਦ ਥਾਣਾ ਸਦਰ ਹੁਸ਼ਿਆਰਪੁਰ ਨੂੰ ਮਿਤੀ 17.06.18 ਨੂੰ ਗ੍ਰਿਫਤਾਰ ਕਰਕੇ ਵਰਗਲਾਈ ਲੜਕੀ ਤਮੰਨਾ ਨੂੰ ਵਾਰਸਾਂ ਦੇ ਹਵਾਲੇ ਕੀਤਾ ਗਿਆ ਹੈ।**

40) **ਮੁਕੱਦਮਾ ਨੰਬਰ 149 ਮਿਤੀ 25.06.18 ਅ/ਧ 364,34 ਹਿੰ:ਦੰ: ਥਾਣਾ ਡੇਹਲੋਂ ਜਿਲ੍ਹਾ ਲੁਧਿਆਣਾ।**

ਉਕਤ ਮੁਕੱਦਮਾ ਮਾਨਿਕ ਚੌਧਰੀ ਪੁੱਤਰ ਬਨਾਰਸੀ ਦਾਸ ਵਾਸੀ ਸਾਇਆ ਕਲ੍ਹਾਂ ਥਾਣਾ ਡੇਹਲੋਂ ਜਿਲ੍ਹਾ ਲੁਧਿਆਣਾ ਵਲੋਂ ਚੰਦਨ ਤਿਵਾਰੀ ਉਰਫ ਪਿੰਜੂ ਪੁੱਤਰ ਸੁਨੀਲ ਤਿਵਾਰੀ ਵਾਸੀ 33 ਫੁੱਟਾ ਰੋੜ ਨਿਊ ਗਗਨ ਨਗਰ ਗਿਆਸਪੁਰਾ ਜਿਲ੍ਹਾ ਲੁਧਿਆਣਾ ਅਤੇ ਇੱਕ ਨਾ ਮਲੂਮ ਲੜਕੀ ਖਿਲਾਫ ਦਰਜ ਹੋਇਆ ਕਿ ਮੁਦਈ ਦੇ ਲੜਕੇ ਸ਼ਿਵਮ ਕੁਮਾਰ ਨੂੰ ਦੋਸ਼ੀਆਂ ਨੇ ਬਲੀ ਦੇਣ ਦੀ ਨੀਅਤ ਨਾਲ ਮਿਤੀ 18.06.18 ਨੂੰ ਅਗਵਾ ਕਰ ਲਿਆ ਸੀ।

**ਮੁਕੱਦਮਾ ਵਿੱਚ ਇੰਸਪੈਕਟਰ ਤਰਲੋਚਨ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਮੋਹਾਲੀ ਦੀ ਨਿਗਰਾਨੀ ਹੇਠ ਗਠਿਤ ਕੀਤੀ ਗਈ ਟੀਮ ਨੇ ਮਿਤੀ 25.06.18 ਨੂੰ ਖੁਫੀਆ ਇਤਲਾਹ ਮਿਲਣ ਤੇ ਥਾਣਾ ਡੇਹਲੋਂ ਪੁਲਿਸ ਨੂੰ ਸੂਚਿਤ ਕਰਕੇ ਹਮਰਾਹ ਲੈ ਕੇ ਖਾਨਪੁਰ ਚੌਂਕ ਖਰੜ ਤੋਂ ਦੋਸ਼ੀ ਚੰਦਨ ਤਿਵਾਰੀ ਉਰਫ ਪਿੰਜੂ ਪੁੱਤਰ ਸੁਨੀਲ ਤਿਵਾਰੀ ਅਤੇ ਨਾ ਮਲੂਮ ਲੜਕੀ ਜਿਸ ਦਾ ਨਾਮ ਪਰਮਿੰਦਰ ਕੌਰ ਉਰਫ ਸੋਨੀਆਂ ਵਾਸੀ ਪਿੰਡ ਬੈਰੋਵਾਲ ਜਿਲ੍ਹਾ ਤਰਨਤਾਰਨ ਨੂੰ ਗ੍ਰਿਫਤਾਰ ਕਰਕੇ ਅਗਵ ਕੀਤੇ ਲੜਕੇ ਸ਼ਿਵਮ ਕੁਮਾਰ ਨੂੰ ਦਰੁਸਤ ਹਾਲਤ ਵਿੱਚ ਵਾਰਸਾਂ ਦੇ ਹਵਾਲੇ ਕੀਤਾ ਗਿਆ ਹੈ।**

41) **ਮੁਕੱਦਮਾ ਨੰਬਰ 128 ਮਿਤੀ 20.04.18 ਅ/ਧ 376,420,354,294,323,506,147,149 ਹਿੰ:ਦੰ: 67 ਆਈ.ਟੀ.ਐਕਟ ਥਾਣਾ ਜੀਰਕਪੁਰ।**

ਮੁਦੱਈ ਅਮਨਪ੍ਰੀਤ ਕੌਰ 02 ਸਾਲ ਪਹਿਲਾਂ ਦੋਸ਼ੀ ਬਜਿੰਦਰ ਸਿੰਘ ਪਾਸਟਰ ਦੇ ਸੰਪਰਕ ਵਿੱਚ ਆਈ ਸੀ, ਮਿਤੀ 07.09.17 ਨੂੰ ਦੋਸ਼ੀ ਬਜਿੰਦਰ ਸਿੰਘ, ਮੁਦੱਈ ਨੂੰ ਸੇਠੀ ਢਾਬਾ ਜੀਰਕਪੁਰ ਤੋਂ ਆਪਣੇ ਨਾਲ ਆਪਣੇ ਘਰ ਲੈ ਗਿਆ। ਜਿੱਥੇ ਉਕਤ ਦੋਸ਼ੀ ਨੇ ਮੁਦੱਈ ਦੀ ਮਰਜੀ ਤੋਂ ਬਿਨਾਂ ਉਸ ਨਾਲ ਸਰੀਰਕ ਸਬੰਧ ਬਣਾਏ, ਆਪਣੇ ਨਾਲ ਵਿਦੇਸ਼ ਲੈ ਕੇ ਜਾਣ ਦਾ ਝਾਂਸਾ ਦੇ ਕੇ ਸਰੀਰਕ ਸਬੰਧ ਬਣਾਉਂਦਾ ਰਿਹਾ। ਜਿਸ ਨੇ ਮੁਦੱਈ ਦੀ ਅਸ਼ਲੀਲ ਵੀਡੀਓ ਵੀ ਬਣਾ ਲਈ ਅਤੇ ਬਲੈਕਮੇਲ ਕਰਨ ਲੱਗਿਆ ਕਿ ਲੋਕਾਂ ਤੋਂ ਵਿਦੇਸ਼ ਭੇਜਣ ਵਾਸਤੇ ਪੈਸੇ ਇਕੱਠੇ ਕਰ। ਮੁਦੱਈ ਨੇ ਮਜਬੂਰ ਹੋ ਕੇ ਜਾਣਕਾਰਾਂ ਪਾਸੋਂ ਉਕਤ ਦੋਸ਼ੀ ਬਜਿੰਦਰ ਸਿੰਘ ਨੂੰ ਪੈਸੇ ਦਿਵਾਏ ਪਰ ਬਾਅਦ ਵਿੱਚ ਪਾਸਟਰ ਬਜਿੰਦਰ ਸਿੰਘ ਨੇ ਨਾਂ ਹੀ ਪੈਸੇ ਵਾਪਸ ਕੀਤੇ ਤੇ ਨਾਂ ਹੀ ਵਿਦੇਸ਼ ਭੇਜਿਆ। ਜਦੋਂ ਮੁਦੱਈ ਬਜਿੰਦਰ ਸਿੰਘ ਤੋਂ ਪੈਸੇ ਮੰਗਣ ਗਈ ਤਾਂ ਉਸ ਨੇ ਆਪਣੇ ਬੰਦਿਆ ਜਤਿੰਦਰ ਪਾਸਟਰ, ਅਕਬਰ ਪਾਸਟਰ, ਸਤਾਰ ਅਲੀ, ਸੁੱਚਾ ਸਿੰਘ, ਰਾਜੇਸ਼ ਚੌਧਰੀ ਤੇ ਸੰਦੀਪ ਪਹਿਲਵਾਨ ਤੋਂ ਉਸ ਦੀ ਕੁੱਟ-ਮਾਰ ਕਰਵਾਈ ਅਤੇ ਧਮਕੀਆਂ ਦਿੱਤੀਆਂ ਕਿ ਜੇਕਰ ਇਸ ਬਾਰੇ ਕਿਸੇ ਨੂੰ ਦੱਸਿਆ ਤਾਂ ਉਸ ਦੀ ਵੀਡੀਓ ਵਾਇਰਲ ਕਰ ਦੇਣਗੇ। **ਮੁਕੱਦਮਾ ਵਿੱਚ ਦੋਸ਼ੀ ਬਜਿੰਦਰ ਸਿੰਘ ਗ੍ਰਿਫਤਾਰ ਕੀਤਾ ਗਿਆ।**

**42) ਮੁਕੱਦਮਾ ਨੰਬਰ 31 ਮਿਤੀ 19.06.18 ਅ/ਧ 307,353,186,332,148,149 ਹਿੰ:ਦੰ: ਥਾਣਾ ਮੁਲਾਂਪੁਰ ਗਰੀਬਦਾਸ ਜਿਲ੍ਹਾ ਐਸ.ਏ.ਐਸ ਨਗਰ।**

ਉਕਤ ਮੁਕੱਦਮਾ ਰਾਜਿੰਦਰ ਸਿੰਘ ਵਣ ਗਾਰਡ ਬੀਟ ਸ਼ੂੰਕ ਵੱਲੋਂ ਜਗਜੀਤ ਸਿੰਘ ਉਰਫ ਜੱਗਾ ਪੁੱਤਰ ਸੋਹਣ ਸਿੰਘ, ਸਤਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ, ਸਤਵਿੰਦਰ ਸਿੰਘ ਉਰਫ ਹੈਪੀ ਪੁੱਤਰ ਸੁਰਿੰਦਰ ਸਿੰਘ, ਇੰਦਰਜੀਤ ਸਿੰਘ ਪੁੱਤਰ ਜਸਵੰਤ ਸਿੰਘ, ਲਵਪ੍ਰੀਤ ਸਿੰਘ ਤੇ ਅੰਮ੍ਰਿਤ ਸਿੰਘ ਵਾਸੀਆਂਨ ਪਿੰਡ ਸ਼ੂੰਕ ਥਾਣਾ ਮੁੱਲਾਂਪੁਰ ਦੇ ਖਿਲਾਫ ਦਰਜ ਰਜਿਸਟਰ ਹੋਇਆ ਕਿ ਮੁਦੱਈ ਮਿਤੀ 18/19.06.18 ਦੀ ਰਾਤ ਨੂੰ ਸਮੇਤ ਦਵਿੰਦਰ ਸਿੰਘ ਬਲਾਕ ਅਫਸਰ ਤੇ ਕਰਨੈਲ ਸਿੰਘ ਬੇਲਦਾਰ ਦੇ ਪਿੰਡ ਸ਼ੂੰਕ ਚੋਰੀ ਹੋ ਰਹੇ ਰੇਤੇ ਸਬੰਧੀ ਦੇਖਣ ਗਏ ਸੀ ਤਾਂ ਉੱਥੇ ਉਕਤ ਦੋਸ਼ੀਆਂ ਨੇ ਰੋਕ ਕੇ ਕੁੱਟ-ਮਾਰ ਕੀਤੀ ਅਤੇ ਜਾਨ ਤੋਂ ਮਾਰਨ ਦੀ ਨੀਅਤ ਨਾਲ ਉਹਨਾ ਪਰ ਰਾਡਾਂ ਨਾਲ ਕਈ ਵਾਰ ਕੀਤੇ।

**ਮੁਕੱਦਮਾ ਵਿੱਚ ਦੋਸ਼ੀਆਂਨ ਜਗਜੀਤ ਸਿੰਘ ਉਰਫ ਜੱਗਾ ਪੁੱਤਰ ਸੋਹਣ ਸਿੰਘ, ਸਤਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ, ਸਤਵਿੰਦਰ ਸਿੰਘ ਉਰਫ ਹੈਪੀ ਪੁੱਤਰ ਸੁਰਿੰਦਰ ਸਿੰਘ, ਇੰਦਰਜੀਤ ਸਿੰਘ ਪੁੱਤਰ ਜਸਵੰਤ ਸਿੰਘ, ਲਵਪ੍ਰੀਤ ਸਿੰਘ ਪੁੱਤਰ ਕੁਲਵਿੰਦਰ ਸਿੰਘ ਤੇ ਅੰਮ੍ਰਿਤਦੀਪ ਸਿੰਘ ਉਰਫ ਅਮ੍ਰਿਤ ਪੁਤਰ ਪਾਲ ਸਿੰਘ ਵਾਸੀਆਂਨ ਪਿੰਡ ਸ਼ੂੰਕ ਥਾਣਾ ਮੁੱਲਾਂਪੁਰ ਨੂੰ ਮਿਤੀ 20.06.18 ਨੂੰ ਗ੍ਰਿਫਤਾਰ ਕਰਕੇ ਟਰੈਕਟਰ ਟਰਾਲੀ ਅਤੇ ਵਾਰਦਾਤ ਵਿੱਚ ਵਰਤੀ ਕਾਰ ਬਰਾਮਦ ਕੀਤੀ ਗਈ ਹੈ।**

**43) ਮੁਕੱਦਮਾ ਨੰਬਰ 236 ਮਿਤੀ 19.06.18 ਅ/ਧ 323,353,186,506,147,149 ਹਿੰ:ਦੰ: ਥਾਣਾ ਜੀਰਕਪੁਰ, ਜਿਲ੍ਹਾ ਐਸ.ਏ.ਐਸ ਨਗਰ।**

ਉਕਤ ਮੁਕੱਦਮਾ ਸ:ਥਾਣੇਦਾਰ ਬਲਜੀਤ ਸਿੰਘ ਨੰਬਰ 68 ਐਸ.ਏ.ਐਸ ਨਗਰ ਵੱਲੋਂ ਦਰਜ ਕਰਾਇਆ ਕਿ ਉਹ ਸਮੇਤ ਪੁਲਿਸ ਪਾਰਟੀ ਦੇ ਗਾਜੀਪੁਰ ਰੋੜ ਪਰ 05:00 ਪੀ.ਐਮ ਤੋਂ 08:00 ਪੀ.ਐਮ ਤੱਕ ਨਾਕਾਬੰਦੀ ਕਰਕੇ ਚੈਕਿੰਗ ਕਰ ਰਹੇ ਸਨ ਤਾਂ 5/6 ਨਾ ਮਲੂਮ ਨੌਜਵਾਨ ਲੜਕੇ ਮੌਕਾ ਪਰ ਆ ਕੇ ਬਹਿਸ ਕਰਨ ਲੱਗ ਪਏ ਅਤੇ ਨਾਕਾ ਲਾਉਣ ਦੇ ਆਡਰਾਂ ਦੀ ਕਾਪੀ ਮੰਗਣ ਲੱਗ ਪਏ।ਜਿੰਨ੍ਹਾਂ ਨੇ ਹੌਲਦਾਰ ਰਮੇਸ਼ਵਰ ਦਾਸ ਦੀ ਵਰਦੀ ਦਾ ਸੱਜਾ ਸ਼ੋਲਡਰ ਪੁੱਟ ਲਿਆ ਅਤੇ ਧਮਕੀਆਂ ਦਿੰਦੇ ਭੱਜਣ ਲੱਗੇ।**ਜਿੰਨ੍ਹਾਂ ਵਿੱਚੋਂ ਜੋਨੀ ਕੁਮਾਰ ਪੁੱਤਰ ਧਰਮ ਸਿੰਘ ਵਾਸੀ ਮਕਾਨ ਨੰਬਰ 555 ਬਿਸ਼ਨਪੁਰਾ, ਬੂਟਾ ਸਿੰਘ ਪੁੱਤਰ ਲੀਲਾ ਸਿੰਘ ਵਾਸੀ ਪਿੰਡ ਚਾਂਦਪੁਰ ਫਤਿਆਬਾਦ ਹਾਲ 440 ਵਿਸਰਾਤੀ ਸਿਟੀ ਜ਼ੀਰਕਪੁਰ ਅਤੇ ਜਗਵਿੰਦਰ ਸਿੰਘ ਪੁੱਤਰ ਗੁਲਾਬ ਸਿੰਘ ਵਾਸੀ 536 ਬਿਸ਼ਨਪੁਰਾ ਜ਼ੀਰਕਪੁਰ ਨੂੰ ਕਾਬੂ ਕਰਕੇ ਗ੍ਰਿਫਤਾਰ ਕੀਤਾ 03 ਨਾ ਮਲੂਮ ਲੜਕੇ ਭੱਜਣ ਵਿੱਚ ਕਾਮਯਾਬ ਹੋ ਗਏ।**

44) **ਮੁਕੱਦਮਾ ਨੰਬਰ 151 ਮਿਤੀ 14.07.18 ਅ/ਧ 395,307 ਹਿੰ:ਦੰ: 25/54/59 ਅਸਲਾ ਐਕਟ ਥਾਣਾ ਸੋਹਾਣਾ।**

05 ਨਾ ਮਲੂਮ ਵਿਅਕਤੀਆਂ ਨੇ ਮਿਤੀ 13.07.18 ਨੂੰ ਲਾਂਡਰਾਂ ਬਨੂੜ ਰੋਡ ਪਰ ਯੂਨੀਟੈਕ ਸੋਸਾਇਟੀ ਦੇ ਗੇਟ ਦੇ ਸਾਹਮਣੇ ਤੋਂ ਕਾਰ ਸਵਾਰਾਂ ਤੇ ਫਾਇਰਿੰਗ ਕਰਕੇ ਵਰਨਾ ਕਾਰ ਖੋਹ ਕੇ ਭੱਜ ਗਏ। ਮੁਕੱਦਮਾ ਦਰਜ ਕਰਕੇ ਕੁੱਝ ਹੀ ਘੰਟਿਆ ਵਿੱਚ ਡਕੈਤੀ ਕਰਨ ਵਾਲੇ ਦੋਸ਼ੀਆਂ ਦਾ ਪਿੱਛਾ ਕਰਕੇ ਦੋ ਦੋਸ਼ੀਆਂ ਗੋਲਡੀ ਮਸੀਹ ਪੁੱਤਰ ਰਣਜੀਤ ਮਸੀਹ ਪਿੰਡ ਤਾਪਲਾ ਥਾਣਾ ਡੇਰਾ ਬਾਬਾ ਨਾਨਕ ਜਿਲ੍ਹਾ ਗੁਰਦਾਸਪੁਰ ਅਤੇ ਅਮਰਪ੍ਰੀਤ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਰਤਨਗੜ੍ਹ ਥਾਣਾ ਮੋਰਿੰਡਾ ਜਿਲ੍ਹਾ ਰੂਪਨਗਰ ਨੂੰ ਗ੍ਰਿਫਤਾਰ ਕਰਕੇ ਇਹਨਾਂ ਪਾਸੋਂ 02 ਪਿਸਟਲ .30 ਬੋਰ ਸਮੇਤ ਕਾਰਤੂਸ ਬ੍ਰਾਮਦ ਕੀਤੇ। ਦੋਸ਼ੀਆਂ ਨਾਲ ਗ੍ਰਿਫਤਾਰੀ ਸਮੇ ਹੋਏ ਪੁਲਿਸ ਮੁਕਾਬਲੇ ਵਿੱਚ ਦੋਸ਼ੀ ਸੰਨੀ ਮਸੀਹ ਵਾਸੀ ਧਾਰੀਵਾਲ ਜਿਲ੍ਹਾ ਗੁਰਦਾਸਪੁਰ ਦੇ ਫਾਇਰ ਲੱਗਣ ਕਾਰਨ ਜਖਮੀ ਹੋ ਗਿਆ, ਜਿਸ ਦੀ ਬਾਅਦ ਵਿੱਚ ਮੌਤ ਹੋ ਗਈ।

**ਮੁਕੱਦਮਾ ਵਿੱਚ ਦੋਸ਼ੀ ਜਸਵੀਰ ਸਿੰਘ ਉਰਫ ਸੰਜੂ ਵਾਸੀ ਮੋਗਾ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਖੋਹ ਕੀਤੀ ਹੋਈ ਵਰਨਾ ਕਾਰ ਨੰਬਰ ਯੂ.ਪੀ-37.ਐਚ-7272 ਦੋਸ਼ੀਆਂ ਪਾਸੋਂ ਬ੍ਰਾਮਦ ਕੀਤੀ ਗਈ। ਦੌਰਾਨੇ ਤਫਤੀਸ਼ ਦੋਸ਼ੀ ਸੰਨੀ ਮਸੀਹ ਦੇ ਖਿਲਾਫ ਮੁਕੱਦਮਾ ਨੰਬਰ 44/2014 ਅ/ਧ 379,411 ਹਿੰ:ਦੰ:, 25-54-59 ਅਸਲਾ ਐਕਟ ਥਾਣਾ ਨਗਰੋਟਾ ਜਿਲ੍ਹਾ ਕਾਂਗੜਾ (ਹਿਮਾਚਲ ਪ੍ਰੇਦਸ਼), ਦੋਸ਼ੀ ਅਮਰਪ੍ਰੀਤ ਸਿੰਘ ਦੇ ਖਿਲਾਫ ਮੁਕੱਦਮਾ ਨੰਬਰ 15/2018 ਅ/ਧ 379,323,34 ਹਿੰ:ਦੰ: ਥਾਣਾ ਕੁਰਾਲੀ ਅਤੇ ਦੋਸ਼ੀ ਗੋਲਡੀ ਮਸੀਹ ਦੇ ਖਿਲਾਫ ਮੁਕੱਦਮਾ ਨੰਬਰ 31/2018 ਅ/ਧ 399,402,420,472,467,468,471 ਹਿੰ:ਦੰ: ਥਾਣਾ ਕਲਾਨੌਰ ਜਿਲ੍ਹਾ ਗੁਰਦਾਸਪੁਰ ਵੀ ਟ੍ਰੇਸ ਕੀਤੇ ਗਏ।**

45) **ਮੁਕੱਦਮਾ 152 ਮਿਤੀ 04.07.18 ਅ/ਧ 382,379 ਹਿੰ:ਦੰ: ਥਾਣਾ ਸਿਟੀ ਖਰੜ** ਵਿੱਚ ਦੋਸ਼ੀ ਪ੍ਰਤੀਕ ਗੋਇਲ ਪੁੱਤਰ ਲੇਟ ਧਰਮਿੰਦਰ ਕੁਮਾਰ ਗੋਇਲ ਵਾਸੀ ਮੁੰਡੀ ਖਰੜ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ ਖੋਹ ਕੀਤੇ ਹੋਏ 02 ਮੋਟਰ ਸਾਈਕਲ ਤੇ 04 ਮੋਬਾਇਲ ਫੋਨਜ਼ ਕੁੱਲ ਮਲੀਤੀ 80,000/- ਰੁਪਏ ਦੇ ਬ੍ਰਾਮਦ ਕੀਤੇ ਗਏ।

46) **ਮੁਕੱਦਮਾ ਨੰਬਰ 57 ਮਿਤੀ 13.05.18 ਅ/ਧ 25-54-59 ਅਸਲਾ ਐਕਟ ਥਾਣਾ ਸਦਰ ਖਰੜ** ਵਿੱਚ ਦੋਸ਼ੀ ਗੁਰਸੇਵਕ ਸਿੰਘ ਉਰਫ ਬੰਟੀ (ਗੈਂਗਸਟਰ) ਪੁੱਤਰ ਪ੍ਰਿਤਪਾਲ ਸਿੰਘ ਵਾਸੀ ਮਕਾਨ ਨੰਬਰ 2921 ਸੈਕਟਰ 20 ਚੰਡੀਗੜ੍ਹ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਇੱਕ ਦੇਸੀ ਕੱਟਾ 315 ਬੋਰ ਤੇ 03 ਜਿੰਦਾ ਕਾਰਤੂਸ ਬ੍ਰਾਮਦ ਕੀਤੇ।

47) **ਮੁਕੱਦਮਾ ਨੰਬਰ 52 ਮਿਤੀ 08.05.18 ਅ/ਧ 379-ਬੀ ਹਿੰ:ਦੰ: ਥਾਣਾ ਸਦਰ ਖਰੜ** ਵਿੱਚ ਸਨੈਚਰ ਜਸਕਰਨ ਸਿੰਘ ਉਰਫ ਜੱਸੀ ਪੁੱਤਰ ਅਮਰਜੀਤ ਸਿੰਘ ਵਾਸੀ ਪਿੰਡ ਹਰਲਾਲਪੁਰ ਅਤੇ ਤੇਜਵੀਰ ਸਿੰਘ ਪੁੱਤਰ ਮਨਜੀਤ ਸਿੰਘ ਵਾਸੀ ਮਕਾਨ ਨੰਬਰ 670 ਵਾਰਡ ਨੰਬਰ 04 ਮੁੰਡੀ ਖਰੜ ਨੂੰ ਗ੍ਰਿਫਤਾਰ ਕਰਕੇ ਖੋਹ ਕੀਤੀ ਚੈਨੀ ਸੋਨਾ ਕੁੱਲ ਕੀਮਤ 35,000/- ਰੁਪਏ ਅਤੇ ਵਾਰਦਾਤ ਵਿੱਚ ਵਰਤੀ ਸਕੂਟਰੀ ਬ੍ਰਾਮਦ ਕੀਤੀ।

48) **ਮੁਕੱਦਮਾ ਨੰਬਰ 102 ਮਿਤੀ 24.05.18 ਅ/ਧ 382 ਹਿੰ:ਦੰ: 25/54/59 ਅਸਲਾ ਐਕਟ ਥਾਣਾ ਸਿਟੀ ਖਰੜ** ਵਿੱਚ ਸਨੈਚਰ ਕੁਲਵਿੰਦਰ ਸਿੰਘ ਉਰਫ ਗੋਲਾ ਪੁੱਤਰ ਅਮਰਜੀਤ ਸਿੰਘਵਾਸੀ ਪਿੰਡ ਝੋਰੜਾ ਥਾਣਾ ਸਿਟੀ ਰਾਏਕੋਟ, ਅਮ੍ਰਿਤਪਾਲ ਸਿੰਘ ਪੁੱਤਰ ਗੁਰਮੁਖ ਸਿੰਘ ਵਾਸੀ ਪਿੰਡ ਵਜੀਦਪੁਰ ਥਾਣਾ ਬਸੀ ਪਠਾਣਾ ਅਤੇ ਰਾਜਵਿੰਦਰ ਸਿੰਘ ਉਰਫ ਔਲਖ ਪੁੱਤਰ ਹਰਵਿੰਦਰ ਸਿੰਘ ਵਾਸੀ ਮਕਾਨ ਨੰਬਰ ਡੀ-7/903 ਪੂਰਬਾ ਅਪਾਰਟਮੈਂਟ ਸੈਕਟਰ 88 ਮੋਹਾਲੀ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 01 ਕੱਟਾ 315 ਬੋਰ, 03 ਜਿੰਦਾ ਰੌਂਦ, 02 ਚਾਕੂ ਅਤੇ ਇੱਕ ਮਾਰੂਤੀ ਕਾਰ ਬ੍ਰਾਮਦ ਕੀਤੀ।

49) **ਮੁਕੱਦਮਾ ਨੰਬਰ 151 ਮਿਤੀ 05.05.18 ਅ/ਧ 406,420.120 ਬੀ ਹਿੰ:ਦੰ: 24 ਇੰਮੀ: ਐਕਟ ਥਾਣਾ ਜ਼ੀਰਕਪੁਰ** ਵਿੱਚ ਪੂਨਮ ਰਾਜਨ ਪੁੱਤਰੀ ਕਰਤਾਰ ਸਿੰਘ, ਪ੍ਰੇਮ ਲਤਾ ਪਤਨੀ ਕਰਤਾਰ ਸਿੰਘ, ਕੁਲਦੀਪ ਸਿੰਘ ਪੁੱਤਰ ਕਰਤਾਰ ਸਿੰਘ, ਪ੍ਰੀਤੀ ਪਤਨੀ ਕੁਲਦੀਪ ਸਿੰਘ ਵਾਸੀਆਨ ਮਕਾਨ ਨੰਬਰ 441 ਸੈਕਟਰ 30 ਕੁਰੂਕਸ਼ੇਤਰ ਨੂੰ ਮਿਤੀ 07.05.18 ਨੂੰ ਗ੍ਰਿਫਤਾਰ ਕਰਕੇ 1,50,000/- ਰੁਪਏ ਨਕਦੀ, 04 ਤੋਲੇ ਸੋਨਾ, 04 ਜਾਹਲੀ ਵੀਜ਼ੇ, 07 ਪਾਸਪੋਰਟ ਅਤੇ ਹੌਂਡਾ ਸਿਟੀ ਕਾਰ ਬ੍ਰਾਮਦ ਕੀਤੇ ਗਏ।

50) **ਮੁਕੱਦਮਾ ਨੰਬਰ 144 ਮਿਤੀ 28.06.18 ਅ/ਧ 420,465,467,468,471,120-ਬੀ ਹਿੰ:ਦੰ 24 ਇੰਮੀਗ੍ਰੇਸ਼ਨ ਐਕਟ ਥਾਣਾ ਸਿਟੀ ਖਰੜ।**

ਉਕਤ ਮੁਕੱਦਮਾ ਵਿੱਚ ਦੋਸ਼ੀਆਂਨ ਇਕਬਾਲ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਪਿੰਡ ਰੁੜਕੀ ਪੁਖਤਾ ਖਰੜ ਹਾਲ ਮਕਾਨ ਨੰਬਰ 475 ਸਵਰਾਜ ਨਗਰ ਖਰੜ, ਕਰਨਦੀਪ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਮਕਾਨ ਨੰਬਰ 123 ਵਾਰਡ ਨੰਬਰ 01 ਪਾਇਲ ਜਿਲ੍ਹਾ ਲੁਧਿਆਣਾ ਅਤੇ ਡੌਲੀ ਅਰੋੜਾ ਪਤਨੀ ਦੀਪਕ ਅਰੋੜਾ ਵਾਸੀ ਮਕਾਨ ਨੰਬਰ 05 ਪਲੋਰਮਾ ਇੰਨਕਲੇਵ ਸੈਕਟਰ 127 ਸੰਤੇ ਮਾਜਰਾ ਹਾਲ ਵਾਸੀ ਮਕਾਨ ਨੰਬਰ 878 ਸ਼ਿਵਾਲਿਕ ਸਿਟੀ ਖਰੜ ਨੂੰ ਮਿਤੀ 28.06.18 ਨੂੰ ਗ੍ਰਿਫਤਾਰ ਕਰਕੇ ਇੰਨ੍ਹਾਂ **ਪਾਸੋਂ 2,00,000/-ਰੁਪਏ ਨਕਦੀ, 25 ਤੋਲੇ ਸੋਨਾਂ ਅਤੇ 15 ਪਾਸਪੋਰਟ ਬ੍ਰਾਮਦ ਕੀਤੇ ਗਏ।**

51) **ਪੀ.ਓ ਹਰਜਿੰਦਰ ਸਿੰਘ ਪੁੱਤਰ ਵਰਿਆਮ ਸਿੰਘ ਵਾਸੀ 1019 ਫੇਸ-4 ਮੋਹਾਲੀ** ਥ/ਧ 138 ਐਨ.ਆਈ .ਐਕਟ ਨੂੰ ਜ਼ੀਰਕਪੁਰ ਪੁਲਿਸ ਵੱਲੋਂ ਮਿਤੀ 25.05.18 ਨੂੰ ਗ੍ਰਿਫਤਾਰ ਕੀਤਾ ਗਿਆ।

52) **ਮੁਕੱਦਮਾ ਨੰਬਰ 142 ਮਿਤੀ 04.08.15 ਅ/ਧ 447,511,506 ਹਿੰ:ਦੰ: ਥਾਣਾ ਲਾਲੜੂ** ਦਾ ਪੀ.ਓ ਮੀਰ ਚੰਦ ਪੁੱਤਰ ਲਹਿਲਾ ਰਾਮ ਵਾਸੀ ਪਿੰਡ ਸਾਰੰਗਪੁਰ ਥਾਣਾ ਹੰਡੇਸਰਾ ਮਿਤੀ 23.05.18 ਨੂੰ ਗ੍ਰਿਫਤਾਰ ਕੀਤਾ ਗਿਆ।

53) **ਮੁਕੱਦਮਾ ਨੰਬਰ 66 ਮਿਤੀ 01.06.18 ਅ/ਧ 174-ਏ ਹਿੰ:ਦੰ: ਥਾਣਾ ਸਦਰ ਖਰੜ।**

ਉਕਤ ਮੁਕੱਦਮਾ ਵਿੱਚ ਦੋਸ਼ੀ ਜਗਤਾਰ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਪਿੰਡ ਬੱਤਾ ਥਾਣਾ ਸਦਰ ਖਰੜ ਅ/ਧ 134 ਐਨ.ਆਈ ਐਕਟ ਦਾ ਮਿਤੀ 01.06.18 ਨੂੰ ਥਾਣਾ ਸਦਰ ਖਰੜ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ।

54) **ਮੁਕੱਦਮਾ ਨੰਬਰ 81 ਮਿਤੀ 21.06.18 ਅ/ਧ 174-ਏ ਹਿੰ:ਦੰ: ਥਾਣਾ ਸਦਰ ਖਰੜ।**

ਉਕਤ ਮੁਕੱਦਮਾ ਵਿੱਚ ਦੋਸ਼ੀ ਨਿਰਪਾਲ ਖਾਨ ਪੁੱਤਰ ਚੂਹੜ ਖਾਨ ਕੋਮ ਮੁਸਲਮਾਨ ਵਾਸੀ ਪਿੰਡ ਜੰਡਪੁਰ ਥਾਣਾ ਸਦਰ ਖਰੜ ਜੋ ਮੁਕੱਦਮਾ ਨੰਬਰ 149 ਮਿਤੀ 30.09.13 ਅ/ਧ 323,379,506,34 ਹਿੰ:ਦੰ: ਅ/ਧ 299 ਸੀ.ਆਰ .ਪੀ.ਸੀ ਦਾ ਪੀ.ਓ ਮਿਤੀ 21.06.18 ਨੂੰ ਥਾਣਾ ਸਦਰ ਖਰੜ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ।